Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 126 24/09/2025 www.samajweekly.com samajweekly @samajweekly samajweekly

# ਰੇਲ ਮੰਤਰੀ ਵਲੋਂ ਰਾਜਪੁਰਾ ਮੁਹਾਲੀ ਰੇਲਵੇ ਲਾਈਨ ਨੂੰ ਮਨਜ਼ੂਰੀ

**ਐਸ ਏ ਐਸ ਨਗਰ।** ਰੇਲ ਮੰਤਰੀ ਵਲੋਂ ਮੁਹਾਲੀ ਤੋਂ ਰਾਜਪੁਰਾ ਤੱਕ 18 ਕਿਲੋਮੀਟਰ ਰੇਲਵੇ ਲਾਈਨ ਲਈ ਪ੍ਰਵਾਨਗੀ ਦਿੱਤੇ ਜਾਣ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਭਾਜਪਾ ਪੰਜਾਬ ਦੇ ਮੀਤ ਪ੍ਰਧਾਨ ਡਾ. ਸੁਭਾਸ਼ ਸ਼ਰਮਾ ਨੇ ਕਿਹਾ ਹੈ ਕਿ 450 ਕਰੋੜ ਦੀ ਲਾਗਤ ਨਾਲ ਵਿਛਾਈ ਜਾਣ ਵਾਲੀ ਇਸ ਰੇਲਵੇ ਲਾਈਨ ਨਾਲ ਮੁਹਾਲੀ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ।

ਅੱਜ ਇੱਥੇ ਬਾਅਦ ਦੁਪਹਿਰ ਇੱਕ ਪੱਤਰਕਾਰ ਸੰਮੇਲਨ ਦੌਰਾਨ ਉਹਨਾਂ ਕਿਹਾ ਕਿ ਰਾਜਪੁਰਾ ਨਾਲ ਸੰਪਰਕ ਦਿੱਲੀ ਲਈ ਕਈ ਰਸਤੇ ਖੋਲ੍ਹ ਦੇਵੇਗਾ, ਜਿਸ ਨਾਲ ਦਿੱਲੀ ਦੀ ਯਾਤਰਾ ਬਹੁਤ ਆਸਾਨ ਹੋ ਜਾਵੇਗੀ। ਇਸ ਮੌਕੇ ਉਹਨਾਂ ਦੇ ਨਾਲ ਭਾਜਪਾ ਪੰਜਾਬ ਦੇ ਖਜ਼ਾਨਚੀ ਸੁਖਵਿੰਦਰ ਸਿੰਘ ਗੋਲਡੀ ਅਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਟ ਵੀ ਮੌਜੂਦ ਸਨ।



ਡਾ. ਸੁਭਾਸ਼ ਸ਼ਰਮਾ ਨੇ ਕਿਹਾ ਕਿ ਇਹ ਪ੍ਰੋਜੈਕਟ ਨਾ ਸਿਰਫ਼ ਜਨਤਾ ਨੂੰ ਰੇਲ ਸੰਪਰਕ ਪ੍ਰਦਾਨ ਕਰੇਗਾ, ਬਲਕਿ ਵਪਾਰ ਅਤੇ ਉਦਯੋਗ ਨੂੰ ਵੀ ਬਹੁਤ ਲਾਭ ਪਹੁੰਚਾਏਗਾ। ਉਨ੍ਹਾਂ ਕਿਹਾ ਕਿ ਉਦਯੋਗਪਤੀ ਆਪਣੇ ਸਾਮਾਨ ਨੂੰ ਆਸਾਨੀ ਨਾਲ ਦਿੱਲੀ ਤੱਕ ਪਹੁੰਚਾ ਸਕਣਗੇ। ਉਨ੍ਹਾਂ ਕਿਹਾ ਕਿ ਰੇਲ ਨੇ ਹਮੇਸ਼ਾ ਉਦਯੋਗ ਨੂੰ ਬਹੁਤ ਲਾਭ ਪਹੁੰਚਾਇਆ ਹੈ, ਅਤੇ ਹੁਣ ਮੁਹਾਲੀ ਦੇ ਉਦਯੋਗਪਤੀਆਂ ਨੂੰ ਵੀ ਲਾਭ ਹੋਵੇਗਾ।ਪੰਜਾਬ ਸਰਕਾਰ ਨੂੰ ਇਨ੍ਹਾਂ ਪ੍ਰੋਜੈਕਟਾਂ ਲਈ ਜ਼ਮੀਨ ਪ੍ਰਾਪਤ ਕਰਨ ਦੀ ਅਪੀਲ ਕਰਦਿਆਂ ਕਿਹਾ ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਦੋ ਵੱਡੇ ਰੇਲ ਪ੍ਰੋਜੈਕਟ ਦਿੱਤੇ ਹਨ, ਪਰ ਇਨ੍ਹਾਂ ਲਈ ਜ਼ਮੀਨ ਪ੍ਰਾਪਤ ਕਰਨਾ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਜਲਦੀ ਤੋਂ ਜਲਦੀ ਜ਼ਮੀਨ ਪ੍ਰਾਪਤ ਕਰਕੇ ਕੇਂਦਰ ਸਰਕਾਰ ਨੂੰ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਲਾਭ ਹੋ ਸਕੇ।

ਇੱਥੇ ਜਿਕਰਯੋਗ ਹੈ ਕਿ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਵਲੋਂ ਅੱਜ ਦਿੱਲੀ ਵਿਖੇ ਪੰਜਾਬ ਲਈ ਦੋ ਮਹੱਤਵਪੂਰਨ ਐਲਾਨ ਕੀਤੇ ਹਨ। ਉਹਨਾਂ ਵਲੋਂ ਪੰਜਾਬ ਵਾਸਤੇ ਵੰਦੇ ਭਾਰਤ ਟ੍ਰੇਨ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਮੌਕੇ ਉਹਨਾਂ ਨਾਲ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੀ ਮੌਜੂਦ ਸਨ।

ਸ੍ਰੀ ਵੈਸ਼ਨਵ ਨੇ ਦੱਸਿਆ ਕਿ ਵੰਦੇ ਭਾਰਤ ਰੇਲਗੱਡੀ ਫਿਰੋਜ਼ਪੁਰ ਛਾਉਣੀ ਤੋਂ ਸਵੇਰੇ 7:55 ਵਜੇ ਰਵਾਨਾ ਹੋਵੇਗੀ ਅਤੇ ਬਠਿੰਡਾ, ਧੂਰੀ, ਪਟਿਆਲਾ, ਅੰਬਾਲਾ ਛਾਉਣੀ, ਕੁਰੂਕਸ਼ੇਤਰ ਅਤੇ ਪਾਣੀਪਤ ਹੁੰਦੇ ਹੋਏ ਦੁਪਹਿਰ 2:30 ਵਜੇ ਦਿੱਲੀ ਪਹੁੰਚੇਗੀ। ਇਸ 486 ਕਿਲੋਮੀਟਰ ਦੀ ਯਾਤਰਾ ਵਿੱਚ ਛੇ ਘੰਟੇ 40 ਮਿੰਟ ਲੱਗਣਗੇ।

# ਜੰਗ ਰੋਕਣ ਦੀ ਜ਼ਿੰਮੇਵਾਰੀ ਸੰਯੁਕਤ ਰਾਸ਼ਟਰ ਦੀ, ਪਰ ਮੈਂ ਜੰਗਾਂ ਰੁਕਵਾਈਆਂ: ਟਰੰਪ



**ਨਿਊਯਾਰਕ।** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਨਿਊਯਾਰਕ ਵਿਚ ਸੰਯੁਕਤ ਰਾਸ਼ਟਰ ਦੀ ਸਭਾ ਨੂੰ ਸੰਬੋਧਨ ਕਰਦਿਆਂ ਮੁੜ ਭਾਰਤ ਪਾਕਿਸਤਾਨ ਜੰਗ ਰੋਕਣ ਦਾ ਦਾਅਵਾ ਕੀਤਾ। ਟਰੰਪ ਨੇ ਪਰਵਾਸੀਆਂ, ਅਮਰੀਕਾ ਦੇ ਆਰਥਿਕ ਹਾਲਾਤ, ਕਾਰਬਨ ਨਿਕਾਸੀ ਤੇ ਹੋਰ ਮੁੱਦਿਆਂ ’ਤੇ ਆਪਣੀ ਗੱਲ ਰੱਖੀ। ਜਦੋਂ ਅਮਰੀਕੀ ਰਾਸ਼ਟਰਪਤੀ ਭਾਸ਼ਣ ਦੇ ਰਹੇ ਸਨ ਤਾਂ ਰੂਸ ਦਾ ਇਕ ਅਧਿਕਾਰੀ ਉਨ੍ਹਾਂ ਦੀ ਵੀਡੀਓ ਰਿਕਾਰਡਿੰਗ ਕਰਨ ਲੱਗਿਆ। ਟਰੰਪ ਨੇ ਕਿਹਾ ਕਿ ਨੈਸ਼ਨਲ ਗਾਰਡ ਦੀ ਤਾਇਨਾਤੀ ਨਾਲ ਹੁਣ ਵਾਸ਼ਿੰਗਟਨ ਡੀਸੀ ਪੂਰੀ ਤਰ੍ਹਾਂ ਸੁਰੱਖਿਅਤ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਅੱਜ ਦਾਅਵਾ ਕੀਤਾ ਕਿ ਸੰਯੁਕਤ ਰਾਸ਼ਟਰ ਪੱਛਮੀ ਦੇਸ਼ਾਂ ਤੇ ਹੋਰ ਦੇਸ਼ਾਂ ਦੀਆਂ ਸਰਹੱਦਾਂ ’ਤੇ ਹਮਲੇ ਕਰਨ ਵਾਲਿਆਂ ਨੂੰ ਰਾਸ਼ੀ ਮੁਹੱਈਆ ਕਰਵਾ ਰਿਹਾ ਹੈ। ਉਨ੍ਹਾਂ ਸੰਯੁਕਤ ਰਾਸ਼ਟਰ ’ਤੇ ਦੱਖਣੀ ਅਮਰੀਕਾ ਵਿਚ ਆਉਣ ਵਾਲੇ ਪਰਵਾਸੀਆਂ ਨੂੰ ਕੈਸ਼ ਕਾਰਡ ਮੁਹੱਈਆ ਕਰਵਾਉਣ ਦੇ ਦੋਸ਼ ਲਾਏ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿਚ ਜੰਗ ਰੋਕਣਾ ਸੰਯੁਕਤ ਰਾਸ਼ਟਰ ਦਾ ਕੰਮ ਹੈ ਪਰ ਉਨ੍ਹਾਂ ਟਰੰਪ ਨੇ ਸੱਤ ਜੰਗਾਂ ਰੁਕਵਾਈਆਂ ਹਨ ਜਦਕਿ ਸੰਯੁਕਤ ਰਾਸ਼ਟਰ ਦਾ ਕੰਮ ਜੰਗ ਰੋਕਣਾ ਹੈ ਤੇ ਜੰਗਾਂ ਲਈ ਫੰਡ ਮੁਹੱਈਆ ਕਰਵਾਉਣਾ ਨਹੀਂ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਦੇਸ਼ ਵਾਸੀਆਂ ਦੀ ਸੁਰੱਖਿਆ ਤੇ ਆਰਥਿਕਤਾ ਯਕੀਨੀ ਬਣਾਉਣ ਲਈ ਟੈਕਸ ਲਾ ਰਿਹਾ ਹੈ। ਉਨ੍ਹਾਂ ਵਾਤਾਵਰਨ ਤਬਦੀਲੀ ਨੂੰ ਧੋਖਾ ਦੱਸਦਿਆਂ ਯੂਰਪੀ ਦੇਸ਼ਾਂ ’ਤੇ ਕਾਰਬਨ ਨਿਕਾਸੀ ’ਤੇ ਗੁੰਮਰਾਹ ਕਰਨ ਦੇ ਦੋਸ਼ ਲਾਏ।

# ਅਸਾਮ: ਗਾਇਕ ਜ਼ੁਬੀਨ ਗਰਗ ਦਾ ਰਾਜਕੀ ਸਨਮਾਨ ਨਾਲ ਸਸਕਾਰ



**ਗੁਹਾਟੀ।** ਗਾਇਕ ਜ਼ੁਬੀਨ ਗਰਗ ਦਾ ਅੱਜ ਗੁਹਾਟੀ ਦੇ ਬਾਹਰਵਾਰ ਕਾਮਰਕੁਚੀ ਦੇ ਜੰਗਲੀ ਖੇਤਰ ਵਿਚ ਵੈਦਿਕ ਮੰਤਰਾਂ ਦੇ ਜਾਪ ਵਿਚਕਾਰ ਅੰਤਿਮ ਸੰਸਕਾਰ ਕੀਤਾ ਗਿਆ ਗਾਇਕ ਦੀ ਭੈਣ ਪਾਲਮੇ ਬੋਰਠਾਕੁਰ ਅਤੇ ਸੰਗੀਤਕਾਰ ਰਾਹੁਲ ਗੌਤਮ, ਜੋ ਗਾਇਕ ਦਾ ਚੇਲਾ ਵੀ ਸੀ, ਨੇ ਬੰਦੂਕਾਂ ਦੀ ਸਲਾਮੀ ਵਿਚਕਾਰ ਜ਼ੁਬੀਨ ਦੀ ਚਿਖਾ ਨੂੰ ਅਗਨੀ ਦਿੱਤੀ। ਜ਼ੁਬੀਨ ਦੀ ਪਤਨੀ ਗਰਿਮਾ ਸੈਕੀਆ ਗਰਗ ਅੰਤਿਮ ਸੰਸਕਾਰ ਵਾਲੇ ਮੰਚ ਦੇ ਇਕ ਕੋਨੇ ’ਤੇ ਬੈਠੀ ਰਹੀ ਤੇ ਅੰਤਿਮ ਰਸਮਾਂ ਦੌਰਾਨ ਉਸ ਦੀਆਂ ਅੱਖਾਂ ’ਚੋਂ ਅੱਥਰੂ ਡਿੱਗਦੇ ਰਹੇ। ਜਿਵੇਂ ਹੀ ਚਿਖਾ ਨੂੰ ਅਗਨੀ ਦਿਖਾਈ ਗਈ ਤਾਂ ਹਵਾ ਵਿਚ ‘ਜ਼ੁਬੀਨ, ਜ਼ੁਬੀਨ’ ਦੇ ਨਾਅਰੇ ਗੂੰਜ ਰਹੇ ਸਨ। ਉਥੇ ਮੌਜੂਦ ਜ਼ੁਬੀਨ ਦੇ ਪ੍ਰਸ਼ੰਸਕ ਉਸ ਦਾ ਗੀਤ ‘ਮਾਇਆਬਿਨੀ ਰਾਤਿਰ ਬੁੱਕੂ’ ਗਾਉਂਦੇ ਨਜ਼ਰ ਆਏ। ਗਾਇਕ ਨੂੰ ਸ਼ਰਧਾਂਜਲੀ ਭੇਟ ਕਰਨ ਮਗਰੋਂ ਅਸਾਮ ਪੁਲੀਸ ਨੇ ਬੰਦੂਕਾਂ ਦੀ ਸਲਾਮੀ ਦਿੱਤੀ ਅਤੇ ਬਿਗਲ ਵਜਾਇਆ।

ਅੰਤਿਮ ਰਸਮਾਂ ਮੌਕੇ ਕੇਂਦਰੀ ਮੰਤਰੀ ਸਰਬਾਨੰਦ ਸੋਨੋਵਾਲ, ਕਿਰਨ ਰਿਜਿਜੂ ਤੇ ਮੁੱਖ ਮੰਤਰੀ ਹਿਮੰਤਾ ਬਿਸਵਾ ਸਰਮਾ ਵੀ ਮੌਜੂਦ ਸਨ। ਚੰਦਨ ਦੇ ਰੁੱਖ ਦੀ ਇੱਕ ਟਾਹਣੀ, ਜਿਸ ਨੂੰ ਜ਼ੁਬੀਨ ਨੇ 2017 ਵਿੱਚ ਆਪਣੇ ਜਨਮਦਿਨ ’ਤੇ ਲਗਾਇਆ ਸੀ, ਨੂੰ ਚਿਖਾ ’ਤੇ ਰੱਖਿਆ ਗਿਆ। ਇਸ ਤੋਂ ਪਹਿਲਾਂ ਅੱਜ ਸਵੇਰੇ ਗੁਹਾਟੀ ਮੈਡੀਕਲ ਕਾਲਜ ਤੇ ਹਸਪਤਾਲ ਵਿਚ ਦੂਜੇ ਪੋਸਟਮਾਰਟਮ ਮਗਰੋਂ ਗਾਇਕ ਜ਼ੁਬੀਨ ਗਰਗ ਦੀ ਮ੍ਰਿਤਕ ਦੇਹ ਵਾਪਸ ਅਰਜੁਨ ਭੋਗੇਸ਼ਵਰ ਬਰੂਆ ਸਪੋਰਟਸ ਕੰਪਲੈਕਸ ਲਿਆਂਦੀ ਗਈ, ਜਿੱਥੇ ਐਤਵਾਰ ਤੋਂ ਲੱਖਾਂ ਪ੍ਰਸ਼ੰਸਕਾਂ, ਸ਼ੁਭਚਿੰਤਕਾਂ ਅਤੇ ਮਸ਼ਹੂਰ ਹਸਤੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ। ਜ਼ੁਬੀਨ ਦੀਆਂ ਅੰਤਿਮ ਰਸਮਾਂ ਵਿਚ ਮੁੱਖ ਮੰਤਰੀ ਤੋਂ ਇਲਾਵਾ ਰਾਜਪਾਲ ਲਕਸ਼ਮਣ ਪ੍ਰਸਾਦ ਆਚਾਰੀਆ, ਗੁਹਾਟੀ ਹਾਈ ਕੋਰਟ ਦੇ ਮੁੱਖ ਜੱਜ ਆਸ਼ੂਤੋਸ਼ ਕੁਮਾਰ, ਵਿਧਾਨ ਸਭਾ ਸਪੀਕਰ ਬਿਸਵਜੀਤ ਦੈਮਾਰੀ, ਵਿਰੋਧੀ ਧਿਰ ਦੇ ਨੇਤਾ ਦੇਬਬ੍ਰਤ ਸੈਕੀਆ ਅਤੇ ਆਲ ਅਸਾਮ ਸਟੂਡੈਂਟਸ ਯੂਨੀਅਨ (ਏਏਐਸਯੂ) ਦੇ ਨੁਮਾਇੰਦੇ ਮੌਜੂਦ ਸਨ।

# ਡਾਲਰ ਦੇ ਮੁਕਾਬਲੇ ਰੁਪਿਆ 45 ਪੈਸੇ ਡਿੱਗ ਕੇ ਰੀਕਾਰਡ ਹੇਠਲੇ ਪੱਧਰ ਉਤੇ ਪਹੁੰਚਿਆ

**ਮੁੰਬਈ ।** ਅਮਰੀਕੀ ਐਚ-1ਬੀ ਵੀਜ਼ਾ ਫੀਸ ’ਚ ਭਾਰੀ ਵਾਧੇ ਕਾਰਨ ਵਿਦੇਸ਼ੀ ਫੰਡਾਂ ਦੇ ਲਗਾਤਾਰ ਵਹਾਅ ਦੇ ਮੱਦੇਨਜ਼ਰ ਰੁਪਿਆ ਮੰਗਲਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 45 ਪੈਸੇ ਡਿੱਗ ਕੇ 88.73 ਦੇ ਰੀਕਾਰਡ ਹੇਠਲੇ ਪੱਧਰ ਉਤੇ ਬੰਦ ਹੋਇਆ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਰੁਪਿਆ ਰੀਕਾਰਡ ਹੇਠਲੇ ਪੱਧਰ ਉਤੇ ਇਸ ਕਾਰਨ ਡਿੱਗਾ ਕਿਉਂਕਿ ਬਾਜ਼ਾਰ ਦੇ ਭਾਗੀਦਾਰਾਂ ਨੇ ਨਵੇਂ 100,000 ਡਾਲਰ ਦੇ ਐਚ-1 ਬੀ ਵੀਜ਼ਾ ਲੇਵੀ ਦੇ ਸੰਭਾਵਤ ਪ੍ਰਭਾਵਾਂ ਦਾ ਵਿਸ਼ਲੇਸ਼ਣ ਕੀਤਾ, ਜਿਸ ਨਾਲ ਵਿਦੇਸ਼ਾਂ ਤੋਂ ਪੈਸੇ ਭੇਜਣ ਵਿਚ ਗਿਰਾਵਟ ਆ ਸਕਦੀ ਹੈ ਅਤੇ ਅਮਰੀਕਾ ਨੂੰ ਸੇਵਾਵਾਂ ਦੇ



ਨਿਰਯਾਤ ਵਿਚ ਕਮੀ ਆ ਸਕਦੀ ਹੈ। ਇਸ ਤੋਂ ਇਲ-ਾਵਾ ਘਰੇਲੂ ਬਾਜ਼ਾਰਾਂ ’ਚ ਜੋਖਮ ਤੋਂ ਬਚਣ ਨਾਲ ਵੀ ਰੁਪਏ ਉਤੇ ਦਬਾਅ ਪੈ ਸਕਦਾ ਹੈ। ਮੀਰੇ ਐਸੇਟ ਸ਼ੇਅਰਖਾਨ ਦੇ ਕਰੰਸੀ ਅਤੇ ਕਮੋਡਿਟੀਜ਼ ਦੇ ਖੋਜ ਵਿਸ਼ਲੇਸ਼ਕ ਅਨੁਜ ਚੌਧਰੀ ਨੇ ਕਿਹਾ, ‘‘ਸਾਨੂੰ ਉਮੀਦ ਹੈ ਕਿ ਰੁਪਿਆ ਕਮਜ਼ੋਰ ਰਹੇਗਾ ਕਿਉਂਕਿ ਅਮਰੀਕਾ ਦੀ ਵੀਜ਼ਾ ਫੀਸ ’ਚ ਵਾਧੇ ਦਾ ਮੁੱਦਾ ਘਰੇਲੂ ਬਾਜ਼ਾਰ ਦੀਆਂ ਭਾਵਨਾਵਾਂ ਨੂੰ ਕਮਜ਼ੋਰ ਕਰ ਸਕਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਵਿਦੇਸ਼ੀ ਵਲ ਨਿਕਾਸੀ ਹੋ ਸਕਦੀ ਹੈ। ਹਾਲਾਂਕਿ, ਆਲਮੀ ਕੱਚੇ ਤੇਲ ਦੀਆਂ ਕੀਮਤਾਂ ਵਿਚ ਸਮੁੱਚੀ ਕਮਜ਼ੋਰੀ ਘਰੇਲੂ ਮੁਦਰਾ ਨੂੰ ਸਮਰਥਨ ਦੇ ਸਕਦੀ ਹੈ।’’ ਚੌਧਰੀ ਨੇ ਅੱਗੇ ਕਿਹਾ ਕਿ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੀ ਕੋਈ ਵੀ ਦਖਲਅੰਦਾਜ਼ੀ ਰੁਪਏ ਨੂੰ ਹੇਠਲੇ ਪੱਧਰ ਉਤੇ ਸਮਰਥਨ ਦੇ ਸਕਦੀ ਹੈ। ਘਰੇਲੂ ਇਕੁਇਟੀ ਬਾਜ਼ਾਰ ’ਚ ਸੈਂਸੈਕਸ 57.87 ਅੰਕ ਡਿੱਗ ਕੇ 82,102.10 ਦੇ ਪੱਧਰ ਉਤੇ ਬੰਦ ਹੋਇਆ, ਜਦੋਂਕਿ ਨਿਫਟੀ 32.85 ਅੰਕ ਡਿੱਗ ਕੇ 25,169.50 ਦੇ ਪੱਧਰ ਉਤੇ ਬੰਦ ਹੋਇਆ। ਇਸ ਦੌਰਾਨ ਵਿਦੇਸ਼ੀ ਸੰਸਥਾਗਤ ਨਿਵੇਸ਼ਕਾਂ ਨੇ ਮੰਗਲਵਾਰ ਨੂੰ 3,551.19 ਕਰੋੜ ਰੁਪਏ ਦੇ ਇਕੁਇਟੀ ਵੇਚੇ।

# ਲੁਧਿਆਣਾ ’ਚ ਯੂਥ ਕਾਂਗਰਸੀ ਆਗੂ ਦੇ ਭਰਾ ਦੀ ਗੋਲੀਆਂ ਮਾਰ ਕੇ ਕੀਤੀ ਗਈ ਹੱਤਿਆ

**ਲੁਧਿਆਣਾ ।** ਪੰਜਾਬ ਦੇ ਲੁਧਿਆਣਾ ਵਿੱਚ ਇੱਕ ਯੂਥ ਕਾਂਗਰਸੀ ਆਗੂ ਦੇ ਭਰਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਹਮਲਾਵਰ ਮੋਟਰਸਾਈਕਲ ’ਤੇ ਆਏ ਅਤੇ ਉਨ੍ਹਾਂ ਸ਼ਰਾਬ ਦੇ ਅਹਾਤੇ ਵਿਚ ਬੈਠੇ ਅਮਿਤ ਕੁਮਾਰ ’ਤੇ ਗੋਲੀਆਂ ਚਲਾ ਦਿੱਤੀਆਂ। ਘਟਨਾ ਤੋਂ ਬਾਅਦ ਖ਼ੂਨ ਨਾਲ ਲੱਥਪੱਥ ਅਮਿਤ ਕੁਮਾਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ ਅਮਿਤ ਕੁਮਾਰ ਵਜੋਂ ਹੋਈ ਹੈ ਜੋ ਕਿ ਲੁਧਿਆਣਾ ਯੂਥ ਕਾਂਗਰਸੀ ਆਗੂ ਅਨੁਜ ਕੁਮਾਰ ਦਾ ਭਰਾ ਹੈ। ਇਹ ਘਟਨਾ ਸਾਹਨੇਵਾਲ ਹਲਕੇ ਦੇ ਨੰਦਪੁਰ ਸੂਏ ਨੇੜੇ ਵਾਪਰੀ। ਸਾਹਨੇਵਾਲ ਥਾਣੇ ਦੇ ਐਸਐਚਓ ਗੁਰਮੁਖ ਸਿੰਘ ਦੀ ਅਗਵਾਈ ਹੇਠ ਪੁਲਿਸ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।



# ਸੋਨੇ ਦੀ ਕੀਮਤ 2,700 ਰੁਪਏ ਵਧ ਕੇ ਨਵੇਂ ਸਿਖਰ ਉਤੇ ਪਹੁੰਚੀ



**ਨਵੀਂ ਦਿੱਲੀ ।** ਕੌਮੀ ਰਾਜਧਾਨੀ ’ਚ ਸੋਨੇ ਦੀਆਂ ਕੀਮਤਾਂ 2,700 ਰੁਪਏ ਵਧ ਕੇ 1,18,900 ਰੁਪਏ ਪ੍ਰਤੀ 10 ਗ੍ਰਾਮ ਦੇ ਨਵੇਂ ਸਿਖਰ ਉਤੇ ਪਹੁੰਚ ਗਈਆਂ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਮੁਤਾਬਕ ਸਥਾਨਕ ਸਰਾਫਾ ਬਾਜ਼ਾਰ ’ਚ 99.5 ਫੀ ਸਦੀ ਸ਼ੁੱਧਤਾ ਵਾਲਾ ਸੋਨਾ ਵੀ 2,650 ਰੁਪਏ ਵਧ ਕੇ 1,18,300 ਰੁਪਏ ਪ੍ਰਤੀ 10 ਗ੍ਰਾਮ ਦੇ ਰੀਕਾਰਡ ਉੱਚੇ ਪੱਧਰ ਉਤੇ ਪਹੁੰਚ ਗਿਆ। ਵਪਾਰੀਆਂ ਨੇ ਕਿਹਾ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ ਦੀ ਭਾਰੀ ਗਿਰਾਵਟ ਨੇ ਕੀਮਤੀ ਧਾਤ ਦੀਆਂ ਕੀਮਤ ਨੂੰ ਹੋਰ ਵਧਾ ਦਿਤਾ ਹੈ। ਇਸ ਸਾਲ ਹੁਣ ਤਕ ਸੋਨੇ ਦੀਆਂ ਕੀਮਤਾਂ ਵਿਚ 39,950 ਰੁਪਏ ਪ੍ਰਤੀ 10 ਗ੍ਰਾਮ ਜਾਂ 50.60 ਫ਼ੀ ਸਦੀ ਦਾ ਵਾਧਾ ਹੋਇਆ ਹੈ, ਜੋ 31 ਦਸੰਬਰ, 2024 ਨੂੰ 78,950 ਰੁਪਏ ਪ੍ਰਤੀ 10 ਗ੍ਰਾਮ ਸੀ। ਚਾਂਦੀ ਦੀ ਕੀਮਤ ਵੀ ਮੰਗਲਵਾਰ ਨੂੰ 3,220 ਰੁਪਏ ਦੀ ਤੇਜ਼ੀ ਨਾਲ 1,39,600 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਸੱਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਈ। ਚਾਲੂ ਕੈਲੰਡਰ ਸਾਲ ਵਿਚ ਚਾਂਦੀ ਦੀਆਂ ਕੀਮਤਾਂ 49,900 ਰੁਪਏ ਪ੍ਰਤੀ ਕਿਲੋਗ੍ਰਾਮ ਜਾਂ 55.63 ਫ਼ੀ ਸਦੀ ਵਧ ਗਈਆਂ ਹਨ, ਜੋ 31 ਦਸੰਬਰ, 2024 ਨੂੰ 89,700 ਰੁਪਏ ਪ੍ਰਤੀ ਕਿਲੋਗ੍ਰਾਮ ਤੋਂ ਵੱਧ ਗਈਆਂ ਹਨ। ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ (ਕਮੋਡਿਟੀਜ਼) ਸੌਮਿਲ ਗਾਂਧੀ ਨੇ ਕਿਹਾ, ‘‘ਦਿੱਲੀ ਦੇ ਬਾਜ਼ਾਰਾਂ ’ਚ 24 ਕੈਰੇਟ ਸੋਨੇ ਦੀ ਕੀਮਤ ਇਕ ਹੋਰ ਰੀਕਾਰਡ ਪੱਧਰ ਉਤੇ ਕਾਰੋਬਾਰ ਕਰ ਰਹੀ ਹੈ। ਰੁਪਿਆ ਕਮਜ਼ੋਰ ਹੋਣ ਨਾਲ ਘਰੇਲੂ ਸਰਾਫਾ ਦੀਆਂ ਕੀਮਤਾਂ ਹੋਰ ਵਧਦੀਆਂ ਹਨ।’’ ਕੌਮਾਂਤਰੀ ਬਾਜ਼ਾਰਾਂ ’ਚ ਸਪਾਟ ਗੋਲਡ 1 ਫੀ ਸਦੀ ਤੋਂ ਵੱਧ ਦੀ ਤੇਜ਼ੀ ਨਾਲ 3,791.10 ਡਾਲਰ ਪ੍ਰਤੀ ਔਂਸ ਦੇ ਰੀਕਾਰਡ ਉੱਚੇ ਪੱਧਰ ਉਤੇ ਪਹੁੰਚ ਗਿਆ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਦੀ 7.44 ਕਰੋੜ ਰੁਪਏ ਦੀ ਜਾਇਦਾਦ ਈਡੀ ਵੱਲੋਂ ਜ਼ਬਤ

**ਨਵੀਂ ਦਿੱਲੀ।** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਦਿੱਲੀ ਦੇ ਸਾਬਕਾ ਮੰਤਰੀ ਅਤੇ ‘ਆਪ’ ਆਗੂ ਸਤੇਂਦਰ ਕੁਮਾਰ ਜੈਨ ਵਲੋਂ ਕਥਿਤ ਤੌਰ ’ਤੇ ਨਿਯੰਤਰਿਤ ਕੰਪਨੀਆਂ ਨਾਲ ਜੁੜੀਆਂ 7.44 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਹਨ। ਇਹ ਕਾਰਵਾਈ 15 ਸਤੰਬਰ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ), 2002 ਤਹਿਤ ਕੀਤੀ ਗਈ ਹੈ। ਈਡੀ ਨੇ ਜੈਨ ’ਤੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਵਿੱਚ ਮੰਤਰੀ ਵਜੋਂ ਫਰਵਰੀ 2015 ਤੋਂ ਮਈ 2017 ਦਰਮਿਆਨ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਲਾਇਆ ਹੈ। ਸੀਬੀਆਈ ਨੇ ਦਸੰਬਰ 2018



ਵਿੱਚ ਉਸ, ਉਸ ਦੀ ਪਤਨੀ ਪੂਨਮ ਜੈਨ ਅਤੇ ਹੋਰਾਂ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਸੀ। ਈਡੀ ਨੇ ਮਾਰਚ 2022 ਵਿੱਚ ਪਹਿਲਾਂ ਇਸ ਕੇਸ ਵਿੱਚ 4.81 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ ਅਤੇ ਇਸਤਗਾਸਾ ਸ਼ਿਕਾਇਤ ਦਾਇਰ ਕੀਤੀ ਸੀ, ਜਿਸ ਦਾ ਬਾਅਦ ਵਿੱਚ ਦਿੱਲੀ ਦੀ ਇੱਕ ਅਦਾਲਤ ਨੇ ਨੋਟਿਸ ਲਿਆ ਸੀ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਕੌਮੀ ਫਿਲਮੀ ਐਵਾਰਡ: ਸ਼ਾਹਰੁਖ ਖਾਨ ਤੇ ਵਿਕਰਾਂਤ ਮੈਸੀ ਬਣੇ ਸਰਵੋਤਮ ਅਦਾਕਾਰ

## ਰਾਣੀ ਮੁਖਰਖੀ ਬਣੀ ਸਰਵੋਤਮ ਅਦਾਕਾਰਾ



**ਨਵੀਂ ਦਿੱਲੀ।** ਇੱਥੋਂ ਦੇ ਵਿਗਿਆਨ ਭਵਨ ਵਿਚ ਕੌਮੀ ਐਵਾਰਡ ਸਮਾਗਮ ਦੌਰਾਨ ਸਰਵੋਤਮ ਅਦਾਕਾਰ ਦਾ ਖਿਤਾਬ ਸ਼ਾਹਰੁਖ ਖਾਨ ਤੇ ਵਿਕਰਾਂਤ ਮੈਸੀ ਨੂੰ ਦਿੱਤਾ ਗਿਆ ਹੈ ਜਦਕਿ ਸਰਵੋਤਮ ਅਦਾਕਾਰਾ ਦਾ ਖਿਤਾਬ ਅਦਾਕਾਰਾ ਰਾਣੀ ਮੁਖਰਜੀ ਨੂੰ ਦਿੱਤਾ ਗਿਆ ਹੈ। ਸ਼ਾਹਰੁਖ ਖਾਨ ਨੂੰ ਇਹ ਐਵਾਰਡ ਫਿਲਮ 'ਜਵਾਨ' ਤੇ ਵਿਕਰਾਂਤ ਮੈਸੀ ਨੂੰ ਫਿਲਮ '12ਟਹ ਫੇਲ੍ਹ' ਲਈ ਦਿੱਤਾ ਗਿਆ ਹੈ। ਦੂਜੇ ਪਾਸੇ ਰਾਣੀ ਮੁਖਰਜੀ ਨੂੰ ਫਿਲਮ 'ਮਿਸਜ਼ ਚੈਟਰਜੀ ਵਰਸਿਜ਼ ਨਾਰਵੇ' ਲਈ ਸਰਵੋਤਮ ਅਦਾਕਾਰਾ ਦਾ ਖਿਤਾਬ ਦਿੱਤਾ ਗਿਆ ਹੈ। ਇਹ ਐਵਾਰਡ ਰਾਸ਼ਟਰਪਤੀ ਦਰੋਪਦੀ ਮੁਰਮੂ ਵਲੋਂ ਦਿੱਤੇ ਗਏ। ਜਦੋਂ ਸ਼ਾਹਰੁਖ ਨੂੰ ਮੰਚ 'ਤੇ ਐਵਾਰਡ ਲਈ ਸੱਦਿਆ ਗਿਆ ਤਾਂ ਉਹ ਐਵਾਰਡ ਲੈਣ ਮੌਕੇ ਭਾਵੁਕ ਹੋ ਗਏ। ਇਸ ਦੌਰਾਨ ਦਾਦਾ ਸਾਹਿਬ ਫਾਲਕੇ ਐਡਾਰਡ ਮਿਲਣ ਤੋਂ ਬਾਅਦ ਮੋਹਨ ਲਾਲ ਦੀ ਜ਼ਿੰਦਗੀ 'ਤੇ ਆਧਾਰਿਤ ਲਘੂ ਫਿਲਮ ਅੱਜ ਸਮਾਗਮ ਦੌਰਾਨ ਦਿਖਾਈ ਗਈ।

# ਹਿਮਾਚਲ 'ਚ ਪੰਜਾਬ ਤੋਂ ਸ਼ਰਧਾਲੂਆਂ ਨੂੰ ਲੈ ਕੇ ਜਾ ਰਿਹਾ ਟਰੱਕ ਪਲਟਿਆ



## 4 ਸ਼ਰਧਾਲੂਆਂ ਦੀ ਮੌਤ, 20 ਜ਼ਖਮੀ

**ਸ਼ਿਮਲਾ।** ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ 'ਚ ਧਲਿਆਰਾ ਨੇੜੇ ਇਕ ਟਰੱਕ ਪਲਟਣ ਕਾਰਨ ਪੰਜਾਬ ਦੇ 4 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 20 ਦੇ ਕਰੀਬ ਜ਼ਖਮੀ ਹੋ ਗਏ। ਸ਼ਰਧਾਲੂ ਚਾਮੁੰਡਾ ਦੇਵੀ ਮੰਦਰ ਜਾ ਰਹੇ ਸਨ। ਇਹ ਹਾਦਸਾ ਢਲਿਆਰਾ ਨੇੜੇ ਰਾਨੀਤਾਲ-ਮੁਬ-ਾਰਕਪੁਰ ਕੌਮੀ ਰਾਜਮਾਰਗ ਉਤੇ ਵਾਪਰਿਆ, ਜਦੋਂ ਡਰਾਈਵਰ ਨੇ ਟਰੱਕ ਉਤੇ ਕੰਟਰੋਲ ਗੁਆ ਦਿਤਾ ਅਤੇ ਉਹ ਸੜਕ ਉਤੇ ਪਲਟ ਗਿਆ, ਜਿਸ ਨਾਲ ਚਾਰ ਜਣਿਆਂ ਦੀ ਮੌਕੇ ਉਤੇ ਹੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਕੁਲਦੀਪ ਸਿੰਘ, ਜਸਮਾਈਲ ਸਿੰਘ, ਗੋਲਡੀ ਅਤੇ ਜਗਸੀਰ ਸਿੰਘ ਵਜੋਂ ਹੋਈ ਹੈ, ਜੋ ਸਾਰੇ ਪੰਜਾਬ ਦੇ ਬਠਿੰਡਾ ਦੇ ਰਹਿਣ ਵਾਲੇ ਹਨ। ਪੁਲਿਸ ਮੌਕੇ ਉਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਬਚਾਇਆ ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਮ੍ਰਿਤਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਜ਼ਖਮੀਆਂ ਨੂੰ ਦੇਹਰਾਦੂਨ ਦੇ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੋਂ ਛੇ ਵਿਅਕਤੀਆਂ ਨੂੰ ਅਗਲੇਰੇ ਇਲਾਜ ਲਈ ਡਾ. ਰਾਜਿੰਦਰ ਪ੍ਰਸਾਦ ਸਰਕਾਰੀ ਮੈਡੀਕਲ ਕਾਲਜ, ਟਾਂਡਾ ਲਿਜਾਇਆ ਗਿਆ ਹੈ। ਪੁਲਿਸ ਅਧਿਕਾਰੀਆਂ ਨੇ ਰਿਪੋਰਟ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਆਯੁਰਵੇਦ ਦਿਵਸ ’ਤੇ ਡੇਰਾਬੱਸੀ ’ਚ ਪਹਿਲਾ ਆਯੁਰਵੇਦਿਕ ਕੈਂਪ ਆਯੋਜਿਤ

**●ਸੇਵਾ ਪਖਵਾੜਾ ਮਿਸ਼ਨ ਤਹਿਤ ਮੁਫ਼ਤ ਸਿਹਤ ਜਾਂਚ**
**●ਭਾਜਪਾ ਮੰਡਲ ਡੇਰਾਬੱਸੀ ਵੱਲੋਂ ਮੁਫ਼ਤ ਆਯੁਰਵੇਦਿਕ ਕੈਂਪ, ਲੋਕਾਂ ਨੇ ਲਿਆ ਪੂਰਾ ਲਾਭ**

**ਡੇਰਾਬੱਸੀ, (ਸੰਜੀਵ ਸਿੰਘ ਸੈਣੀ)** ਆਯੁਰਵੇਦ ਦਿਵਸ ਦੇ ਮੌਕੇ ਭਾਰਤੀ ਜਨਤਾ ਪਾਰਟੀ ਮੰਡਲ ਡੇਰਾਬੱਸੀ ਵੱਲੋਂ, ਸ਼੍ਰੀ ਮਹਾਕਾਲੇਸ਼ਵਰ ਜੋਤਿਰਲਿੰਗ ਕਮੇਟੀ ਦੇ ਸਹਿਯੋਗ ਨਾਲ, ਮੁਬਾਰਕਪੁਰ ਤ੍ਰਿਵੇਦੀ ਕੈਂਪ ਵਿੱਚ ਸਥਿਤ ਪ੍ਰੇਮ ਮੰਦਿਰ ਵਿੱਚ ਸੇਵਾ ਪਖਵਾੜਾ ਮਿਸ਼ਨ ਹੇਠ ਪਹਿਲਾ ਆਯੁਰਵੇਦਿਕ ਮੁਫ਼ਤ ਚਿਕਿਤਸਾ ਸ਼ਿਵਿਰ ਲਗਾਇਆ ਗਿਆ।

ਇਸ ਸ਼ਿਵਿਰ ਵਿੱਚ ਭਾਜਪਾ ਨੇਤਾ ਮਨਪ੍ਰੀਤ ਸਿੰਘ ਬੰਨੀ ਸੰਧੂ ਅਤੇ ਪੰਜਾਬ ਭਾਜਪਾ ਦੇ ਮਹਾਸਚਿਵ ਪਰਮਿੰਦਰ ਬਰਾੜ ਵਿਸ਼ੇਸ਼ ਤੌਰ ’ਤੇ ਹਾਜ਼ਰ ਰਹੇ। ਆਯੁਰਵੇਦਿਕ ਚਿਕਿਤਸਕ ਡਾ. ਰਾਜੀਵ ਮਹਿਤਾ ਅਤੇ ਉਨ੍ਹਾਂ ਦੀ ਟੀਮ ਨੇ 120 ਪਿੰਡ ਵਾਸੀਆਂ ਦੀ ਸਿਹਤ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਸਹੀ ਸਲਾਹ ਦੇ ਨਾਲ ਮੁਫ਼ਤ ਦਵਾਈਆਂ ਵੀ ਦਿੱਤੀਆਂ। ਪਿੰਡ ਵਾਸੀਆਂ ਨੇ ਇਸ ਪਹਿਲ ਨੂੰ ਸ਼ਲਾਘਾਯੋਗ ਦੱਸਦਿਆਂ ਕਿਹਾ ਕਿ ਆਯੁਰਵੇਦਿਕ ਚਿਕਿਤਸਾ ਨਾਲ ਜੁੜੀ ਜਾਗਰੂਕਤਾ ਉਨ੍ਹਾਂ ਲਈ ਲੰਮੇ ਸਮੇਂ ਤੱਕ ਲਾਭਕਾਰੀ ਸਾਬਤ ਹੋਵੇਗੀ।



ਕਾਰਜਕ੍ਰਮ ਦੌਰਾਨ ਵਾਤਾਵਰਨ ਸੁਰੱਖਿਆ ਦੇ ਸੰਦੇਸ਼ ਨੂੰ ਮਜ਼ਬੂਤ ਕਰਨ ਲਈ “ਇੱਕ ਰੁੱਖ ਮਾਂ ਦੇ ਨਾਮ” ਮੁਹਿੰਮ ਵੀ ਚਲਾਈ ਗਈ। ਇਸ ਸਬੰਧ ਵਿੱਚ ਸ਼ਿਵਿਰ ਵਿੱਚ 11 ਛਾਂਦਾਰ ਅਤੇ ਫਲਦਾਰ ਪੌਦੇ ਲਗਾਏ ਗਏ। ਪਿੰਡ ਵਾਸੀਆਂ ਨੇ ਇਸਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਹਰੇ-ਭਰੇ ਅਤੇ ਸਿਹਤਮੰਦ ਵਾਤਾਵਰਣ ਦਾ ਕੀਮਤੀ ਤੋਹਫ਼ਾ ਦੱਸਿਆ। ਇਸ ਮੌਕੇ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੰਦੇਸ਼ ਵੀ ਦਿੱਤਾ ਗਿਆ। ਉਨ੍ਹਾਂ ਨੇ ‘ਪਲੇਨਟ ਐਂਡ ਪੀਪਲ’ ਦੀ ਧਾਰਨਾ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਕੁਦਰਤੀ ਸਰੋਤਾਂ ਅਤੇ ਧਰਤੀ ਦੀ ਸੁਰੱਖਿਆ ਭਵਿੱਖ ਦੀਆਂ ਪੀੜ੍ਹੀਆਂ ਦੇ ਜੀਵਨ ਨੂੰ ਸੁਰੱਖਿਅਤ ਬਣਾਵੇਗੀ। ਪ੍ਰਧਾਨ ਮੰਤਰੀ ਨੇ ਹਰ ਸਾਲ 23 ਸਤੰਬਰ ਨੂੰ ਆਯੁਰਵੇਦ ਦਿਵਸ ਵਜੋਂ ਮਨਾਉਣ ਦਾ ਅਹਵਾਨ ਵੀ ਕੀਤਾ। ਭਾਜਪਾ ਨੇਤਾ ਮਨਪ੍ਰੀਤ ਸਿੰਘ ਬੰਨੀ ਸੰਧੂ ਨੇ ਕਿਹਾ ਕਿ ਆਯੁਰਵੇਦ ਭਾਰਤ ਦੀ ਪ੍ਰਾਚੀਨ ਚਿਕਿਤਸਾ ਪ੍ਰਣਾਲੀ ਹੈ ਅਤੇ ਇਸਦਾ ਪ੍ਰਚਾਰ-ਪ੍ਰਸਾਰ ਸਮਾਜ ਲਈ ਇਕ ਵਰਦਾਨ ਹੈ। ਦੂਜੇ ਪਾਸੇ ਪੰਜਾਬ ਭਾਜਪਾ ਦੇ ਮਹਾਸਚਿਵ ਪਰਮਿੰਦਰ ਬਰਾੜ ਨੇ ਕਿਹਾ ਕਿ ਸੇਵਾ ਪਖਵਾੜਾ ਹੇਠ ਆਯੋਜਿਤ ਇਹ ਕਾਰਜਕ੍ਰਮ ਨਾ ਸਿਰਫ਼ ਸਿਹਤ ਸੇਵਾਵਾਂ ਨੂੰ ਲੋਕਾਂ ਤੱਕ ਪਹੁੰਚਾ ਰਹੇ ਹਨ, ਸਗੋਂ ਪਰਿਆਵਰਣ ਸੁਰੱਖਿਆ ਦਾ ਸੰਦੇਸ਼ ਵੀ ਦੇ ਰਹੇ ਹਨ। ਬਰਾੜ ਨੇ ਨਾਲ ਹੀ ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿੱਚ ਕੀਤੀ ਗਈ ਜੀ.ਐਸ.ਟੀ. ਦਰਾਂ ਵਿੱਚ ਕਟੌਤੀ ਦੀ ਵੀ ਸਰਾਹਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਆਮ ਲੋਕਾਂ ਦੇ ਜੀਵਨ ਵਿੱਚ ਆਰਥਿਕ ਰਾਹਤ ਮਿਲੇਗੀ ਤੇ ਮਹਿੰਗਾਈ ਘਟੇਗੀ ਅਤੇ ਉਹ ਆਪਣੀਆਂ ਲੋੜਾਂ ’ਤੇ ਵੱਧ ਖਰਚ ਕਰ ਸਕਣਗੇ।ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਇਸ ਤਰ੍ਹਾਂ ਦੇ ਸ਼ਿਵਿਰ ਭਵਿੱਖ ਵਿੱਚ ਵੀ ਨਿਯਮਿਤ ਤੌਰ ’ਤੇ ਕਰਵਾਏ ਜਾਣ, ਤਾਂ ਜੋ ਹੋਰ ਤੋਂ ਹੋਰ ਲੋਕ ਇਸ ਤੋਂ ਲਾਭ ਲੈ ਸਕਣ।

# ਤਿੰਨ ਗ੍ਰਾਮ ਹੈਰੋਇਨ ਕਾਰ ਸਮੇਤ 1ਕਾਬੂ, ਕਾਰ ਵੀ ਲਈ ਕਬਜ਼ੇ 'ਚ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰਪਾਲ ਸਿੰਘ ਕਲੇਰ )**– ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਐਸਐਸਪੀ ਡਾ. ਮਹਿਤਾਬ ਸਿੰਘ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਇਨਬਿੰਨ ਪਾਲਣਾ ਕਰਦੇ ਹੋਏ ਕਾਠਗੜ੍ਹ ਪੁਲਿਸ ਨੇ ਗਸ਼ਤ/ਚੈਕਿੰਗ ਦੌਰਾਨ ਇਕ ਕਾਰ ਚਾਲਕ ਨੂੰ ਤਿੰਨ ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਏਐਸਆਈ. ਰਾਜ ਕੁਮਾਰ ਅਤੇ ਐਚ.ਸੀ. ਧੰਨਪਤ ਰਾਏ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਅਗੁਵਾਈ ਵਿੱਚ ਪੁਲਿਸ ਪਾਰਟੀ ਕਾਠਗੜ ਖੱਡ ਵੱਲ ਗਸ਼ਤ ਕਰ ਰਹੀ ਸੀ ਕਿ ਇਸ ਦੌਰਾਨ ਸਿਵਲ ਹਸਪਤਾਲ ਦੇ ਕੋਲ ਇਕ ਕਾਰ ਨੰਬਰ ਪੀਬੀ 34 ਸੀ 8414 ਖੜੀ ਸੀ ਪਰੰਤੂ ਪੁਲਿਸ



**ਕਾਬੂ ਕੀਤਾ ਗਿਆ ਆਰੋਪੀ ਪੁਲਿਸ ਪਾਰਟੀ ਨਾਲ।**

ਪਾਰਟੀ ਨੂੰ ਦੇਖ ਕੇ ਕਾਰ ਦਾ ਚਾਲਕ ਉਸ ਵਿੱਚੋਂ ਨਿਕਲ ਕੇ ਖਿਸਕਣ ਲੱਗਾ ਪੁਲਿਸ ਪਾਰਟੀ ਨੂੰ ਤਾਂ ਪੁਲਿਸ ਨੇ ਸ਼ੱਕ ਦੇ ਆਧਾਰ 'ਤੇ ਕਾਰ ਚਾਲਕ ਨੂੰ ਕਾਬੂ ਕਰਕੇ ਜਦੋਂ ਕਾਰ ਦੀ ਚੈਕਿੰਗ ਕੀਤੀ ਤਾਂ ਉਸ ਵਿਚੋਂ ਤਿੰਨ ਗ੍ਰਾਮ ਹੈਰੋਇਨ ਬਰਾਮਦ ਹੋਈ। ਆਰੋਪੀ ਦੀ ਪਹਿਚਾਣ ਤਰੁਣ ਸ਼ਰਮਾ ਉਰਫ ਤਰੁਣ ਪੁੱਤਰ ਦੀਪਕ ਸ਼ਰਮਾ ਵਾਸੀ ਮਹਿਮੂਦਪੁਰ ਗਾਦੜੀਆਂ ਥਾਣਾ ਬਲਾਚੌਰ ਦੇ ਰੂਪ ਵਿੱਚ ਹੋਈ। ਪੁਲਿਸ ਨੇ ਉਕਤ ਆਰੋਪੀ ਦੇ ਖਿਲਾਫ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਦੇ ਹੋਏ ਕਾਰ ਨੂੰ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਟਰੱਕ ਯੂਨੀਅਨ ਬੰਗਾ ਵਿਖੇ ਅੱਖਾਂ ਦੀ ਜਾਂਚ ਕੈਂਪ ਲਗਾਇਆ

**ਬੰਗਾ (ਚਰਨਜੀਤ ਸੱਲ੍ਹਾਂ )** ਵਿਜਿਨ ਸਪਰਿੰਗ ਅਤੇ ਟਚ ਆਫ ਕਲਰ ਸੰਸਥਾ ਵਲੋਂ ਟਰੱਕ ਯੂਨੀਅਨ ਬੰਗਾ ਵਿਖੇ ਅੱਖਾਂ ਦਾ ਕੈਂਪ ਲਗਾਇਆ ਗਿਆ। ਕੈਂਪ ਕੋਆਰਡੀਨੇਟਰ ਨਵਦੀਪ ਸੇਖੋਂ ਵਲੋਂ ਸਾਰੇ ਟਰੱਕ ਡਰਾਈਵਰ ਨੂੰ ਕੈਂਪ ਬਾਰੇ ਦੱਸਿਆ ਗਿਆ, ਜਿਸ ਵਿੱਚ 86 ਡਰਾਈਵਰਾਂ ਵੱਲੋਂ ਅੱਖਾਂ ਦਾ ਚੈਕਅੱਪ ਕਰਵਾਇਆ ਗਿਆ ਅਤੇ ਲੋੜਵੰਦ 55 ਡਰਾਈਵਰਾਂ ਨੂੰ ਐਨਕਾਂ ਦਿੱਤੀਆਂ ਗਈਆਂ ਅਤੇ ਬਾਕੀ ਸਾਰੇ ਨੌਰਮਲ ਪਾਏ ਗਏ। ਇਸ ਕੈਂਪ ਵਿਚ ਨਵਦੀਪ ਸੇਖੋਂ, ਡਾ. ਜਤਿੰਦਰ ਕੁਮਾਰ, ਮੈਡਮ ਅਮਿਤਾ, ਮੈਡਮ ਅੰਬਿਕਾ ਦੀ ਟੀਮ ਨੇ ਮਰੀਜਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਮੌਕੇ ਤੇ ਐਨਕਾਂ ਦਿੱਤੀਆਂ ਗਈਆਂ। ਇਸ ਮੌਕੇ ਨਰਿੰਦਰ ਸਿੰਘ ਨਿੰਦੀ ਪ੍ਰਧਾਨ ਟਰੱਕ ਯੂਨੀਅਨ ਬੰਗਾ ਨੇ ਮੈਡੀਕਲ ਟੀਮ ਦਾ ਧੰਨਵਾਦ



ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਜਿਹੜਾ ਵੀ ਡਰਾਈਵਰ ਕਿਸੇ ਕਾਰਨ ਕਰਕੇ ਐਨਕਾਂ ਖਰੀਦ ਨਹੀਂ ਸਕਦਾ ਉਸਨੂੰ ਯੂਨੀਅਨ ਵਲੋਂ ਮੁਫਤ ਐਨਕਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਉਪ ਪ੍ਰਧਾਨ, ਅਮਰਜੀਤ ਸਿੰਘ ਚੇਅਰਮੈਨ, ਜਸਵੰਤ ਸਿੰਘ, ਸੁਖਵਿੰਦਰ ਸਿੰਘ, ਬਲਜਿੰਦਰ ਸਿੰਘ, ਸੁੱਚਾ ਸਿੰਘ, ਕਰਨੈਲ ਸਿੰਘ, ਗੁਰਪ੍ਰੀਤ ਸਿੰਘ, ਕਸ਼ਮੀਰਾ ਸਿੰਘ, ਜਸਪਾਲ ਸਿੰਘ, ਹਰਬੰਸ ਸਿੰਘ, ਰਵਿੰਦਰ ਸਿੰਘ, ਲਹਿੰਬਰ ਸਿੰਘ ਅਕਾਊਂਟੈਂਟ, ਪਰਮਿੰਦਰ ਸਿੰਘ ਆਦਿ ਹਾਜਰ ਸਨ।ਟਰੱਕ ਯੂਨੀਅਨ ਬੰਗਾ ਵਿਖੇ ਲਗਾਏ ਅੱਖਾਂ ਦੀ ਜਾਂਚ ਕੈਂਪ ਮੌਕੇ ਟਰੱਕ ਯੂਨੀਅਨ ਦੇ ਅਹੁਦੇਦਾਰ ਅਤੇ ਮੈਡੀਕਲ ਟੀਮ।

for more news visit:
www.samajweekly.com

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਗੁਰੂ ਮਾਨਿਓ ਗ੍ਰੰਥ' ਚੇਤਨਾ ਗੁਰਮਤਿ ਸਮਾਗਮ ਸਥਾਨਕ ਅਨਾਜ ਮੰਡੀ ਵਿਖੇ ਕਰਵਾਇਆ ਗਿਆ

● ਸਮਾਗਮ 'ਚ ਸੰਗਤਾਂ ਦਾ ਜਿੱਥੇ ਹੜ੍ਹ ਦੇਖਣ ਨੂੰ ਮਿਲਿਆ, ਉੱਥੇ ਇਹ ਸਮਾਗਮ ਰੂਹਾਨੀਅਤ ਦਾ ਕੇਂਦਰ ਬਿੰਦੂ ਵੀ ਬਣਿਆ ਰਿਹਾ ● ਸੰਗਤਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਹੋਣ ਅਤੇ ਅਸਲ ਗੁਰਸਿੱਖੀ ਸਿਧਾਂਤਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ● ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਬਿਨਾਂ ਜੀਵ ਆਤਮਾ ਨੂੰ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ ● ਸਮਾਜਸੇਵੀ ਜੱਥੇਬੰਦੀਆਂ ਵਲੋਂ ਪਾਣੀ ਦੀ ਸੇਵਾ, ਖੂਨਦਾਨ ਕੈਂਪ, ਬੂਟਿਆਂ ਦੀ ਸੇਵਾ, ਜੋੜਿਅਂ ਦੀ ਸੇਵਾ ਲਈ ਵਿਸ਼ੇਸ਼ ਸਟਾਲਾਂ ਲਗਾਈਆਂ ਗਈਆਂ







**ਰਾਏਕੋਟ (ਗੁਰਭਿੰਦਰ ਗੁਰੀ)** ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਇਕਾਈ ਰਾਏਕੋਟ ਵੱਲੋਂ ਤਿੰਨ ਰੋਜ਼ਾ 'ਗੁਰੂ ਮਾਨਿਓ ਗ੍ਰੰਥ' ਚੇਤਨਾ ਗੁਰਮਤਿ ਸਮਾਗਮ ਸਥਾਨਕ ਅਨਾਜ ਮੰਡੀ ਵਿਖੇ ਕਰਵਾਇਆ ਗਿਆ। 19 ਤੋਂ 21 ਸਤੰਬਰ ਤੱਕ ਕਰਵਾਏ ਗਏ ਇਸ ਧਾਰਮਿਕ ਸਮਾਗਮ 'ਚ ਸੰਗਤਾਂ ਦਾ ਜਿੱਥੇ ਹੜ੍ਹ ਦੇਖਣ ਨੂੰ ਮਿਲਿਆ, ਉੱਥੇ ਇਹ ਸਮਾਗਮ ਰੂਹਾਨੀਅਤ ਦਾ ਕੇਂਦਰ ਬਿੰਦੂ ਵੀ ਬਣਿਆ ਰਿਹਾ। ਸਮਾਗਮ ਦੌਰਾਨ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਸੰਗਤਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਹੋਣ ਅਤੇ ਅਸਲ ਗੁਰਸਿੱਖੀ ਸਿਧਾਂਤਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਭਾਈ ਢੱਡਰੀਆਂ ਵਾਲਿਆਂ ਨੇ ਸੰਗਤਾਂ ਨੂੰ ਗੁਰੂਆਂ ਦੇ ਦਿਖਾਏ ਰਸਤੇ ਤੇ ਚੱਲਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਬਿਨਾਂ ਜੀਵ ਆਤਮਾ ਨੂੰ ਆਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਸਭ ਸੰਗਤਾਂ ਗੁਰਬਾਣੀ ਦੇ ਅਸਲ ਅਰਥਾਂ ਨੂੰ ਸਮਝਦਿਆਂ ਬਾਣੀ ਨੂੰ ਆਪਣੇ-ਆਪਣੇ ਜੀਵਨ ਵਿਚ ਪੂਰਨ ਤੌਰ ਤੇ ਲਾਗੂ ਕਰਨ ਦਾ ਯਤਨ ਕਰਨ। ਸਮਾਗਮ ਦੇ ਤੀਸਰੇ ਦਿਨ ਗੁਰਦੁਆਰਾ ਸ਼ਹੀਦ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਵਿਖੇ ਅਮ੍ਰਿਤ ਸੰਚਾਰ ਕਰਵਾਇਆ ਗਿਆ, ਜਿਸ ਵਿੱਚ 146 ਪ੍ਰਾਣੀ ਅਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਸ ਸਮਾਗਮ ਦੌਰਾਨ ਬਾਬਾ ਜਗਸੀਰ ਸਿੰਘ ਢੋਲਣ ਵਾਲੇ, ਬਾਬਾ ਹਰਮਨਜੋਤ ਸਿੰਘ ਪੁੱਤਰ ਬਾਬਾ ਭੁਪਿੰਦਰ ਸਿੰਘ ਖਾਸੀ ਕਲਾਂ, ਬਾਬਾ ਹਰਦੀਪ ਸਿੰਘ ਟਿੱਬੇ ਵਾਲੇ, ਬਾਬਾ ਜਸ਼ਨਪ੍ਰੀਤ ਸਿੰਘ ਢੋਲਣ ਵਾਲੇ, ਬਾਬਾ ਮਨਵੀਰ ਸਿੰਘ ਬੜੈਚ, ਬਾਬਾ ਲਖਵੀਰ ਸਿੰਘ ਹਰੀਕੇ, ਬਾਬਾ ਸੁਰਜੀਤ ਸਿੰਘ ਅਮਰੀਕਾ, ਸਵਾਮੀ ਰਾਮ ਜਲੂਰ ਵਾਲੇ, ਸਮਾਜਸੇਵੀ ਅਨਮੋਲ ਕਵਾਤਰਾ, ਸਮਾਜਸੇਵੀ ਗੁਰਪ੍ਰੀਤ ਸਿੰਘ ਮਿੰਟੂ (ਮਨੁੱਖਤਾ ਦੀ ਸੇਵਾ), ਵਿਧਾਇਕ ਠੇਕੇਦਾਰ ਹਾਕਮ ਸਿੰਘ, ਹਲਕਾ ਇੰਚਾਰਜ ਕਾਮਿਲ ਅਮਰ ਸਿੰਘ, ਸਾਬਕਾ ਵਿਧਾਇਕ ਬਿਕਰਮਜੀਤ ਸਿੰਘ ਖਾਲਸਾ, ਡੀ.ਐਸ.ਪੀ ਹਰਜਿੰਦਰ ਸਿੰਘ, ਐਸ.ਐਚ.ਓ ਸਿਟੀ ਅਮਰਜੀਤ ਸਿੰਘ, ਐਸ.ਐਚ.ਓ ਸਦਰ ਕੁਲਵਿੰਦਰ ਸਿੰਘ, ਬਿੰਦਰਜੀਤ ਸਿੰਘ ਪ੍ਰਧਾਨ ਟਰੱਕ ਯੂਨੀਅਨ, ਚੇਅਰਮੈਨ ਗੁਰਮਿੰਦਰ ਸਿੰਘ ਤੂਰ, ਚੇਅਰਮੈਨ ਸੁਖਪਾਲ ਸਿੰਘ ਗੋਂਦਵਾਲ, ਨਗਰ ਕੌਂਸਲ ਪ੍ਰਧਾਨ ਸੁਦਰਸ਼ਨ ਜੋਸ਼ੀ, ਤਰਸੇਮ ਸਿੰਘ ਬਲਿਆਣ ਮੈਨੇਜਰ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ, ਬਾਬਾ ਗੁਰਜੀਤ ਸਿੰਘ ਕਾਰ ਸੇਵਾ ਵਾਲੇ, ਮਹਿੰਦਰ ਸਿੰਘ ਮਾਣਕੀ ਹੈਡ ਗ੍ਰੰਥੀ ਆਦਿ ਵਲੋਂ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਈ ਗਈ। ਸਮਾਗਮ ਦੇ ਆਖ਼ਰੀ ਦਿਨ ਪ੍ਰਬੰਧਕਾਂ ਵਲੋਂ ਭਾਈ ਰਣਜੀਤ ਸਿੰਘ ਜੀ ਢੱਡਰੀਆਂ ਵਾਲਿਆਂ ਸਮੇਤ ਉਨ੍ਹਾਂ ਨਾਲ ਸਮਾਗਮ 'ਚ ਪੁੱਜੀਆਂ ਧਾਰਮਿਕ ਸ਼ਖਸ਼ੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਧਾਰਮਿਕ ਸਮਾਗਮ ਦੇ ਸਫਲਤਾ ਪੂਰਵਕ ਸੰਪੰਨ ਹੋਣ 'ਤੇ ਪ੍ਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਵਲੋਂ ਸਮੂਹ ਸਾਧ ਸੰਗਤ ਦਾ ਰਾਏਕੋਟ ਪ੍ਰਸ਼ਾਸਨ ਅਤੇ ਸੇਵਾਦਾਰਾਂ ਵਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ। ਸਮਾਗਮ ਦੌਰਾਨ ਵੱਖ ਵੱਖ ਸਮਾਜਸੇਵੀ ਜੱਥੇਬੰਦੀਆਂ ਵਲੋਂ ਪਾਣੀ ਦੀ ਸੇਵਾ, ਖੂਨਦਾਨ ਕੈਂਪ, ਬੂਟਿਆਂ ਦੀ ਸੇਵਾ, ਜੋੜਿਅਂ ਦੀ ਸੇਵਾ ਲਈ ਵਿਸ਼ੇਸ਼ ਸਟਾਲਾਂ ਲਗਾਈਆਂ ਗਈਆਂ ਸਨ। ਉਨ੍ਹਾਂ ਤੋਂ ਇਲਾਵਾ ਸੰਦੀਪ ਸਿੰਘ ਸੋਨੀ ਬਾਬਾ, ਜਸਵੀਰ ਸਿੰਘ, ਬਲਵਿੰਦਰ ਸਿੰਘ, ਮਹਿੰਦਰਪਾਲ ਸਿੰਘ, ਗਗਨਦੀਪ ਸਿੰਘ ਸ਼ੈਫੂ, ਆਤਮਾ ਸਿੰਘ ਜੌਹਲਾਂ, ਰਾਜਾ ਸਿੰਘ ਜੌਹਲਾਂ, ਭਰਪੂਰ ਸਿੰਘ ਭੈਣੀ ਬੜਿੰਗਾਂ, ਅਵਤਾਰ ਸਿੰਘ ਤਾਰਾ, ਦਰਸ਼ਨ ਸਿੰਘ, ਹਰਬੰਸ ਸਿੰਘ ਫੌਜੀ, ਗੁਰਮੀਤ ਸਿੰਘ ਬੱਸੀਆਂ, ਤਰੁਨਦੀਪ ਸਿੰਘ ਕਾਂਤੀ, ਸਮੇਤ ਵੱਡੀ ਗਿਣਤੀ 'ਚ ਸੰਗਤਾਂ ਸ਼ਾਮਲ ਹੋਈਆਂ।

# ਆਯੂਰਵੈਦਿਕ ਦਿਵਸ ਤੇ ਲਗਾਇਆ ਫਰੀ ਆਯੁਰਵੈਦਿਕ ਮੈਡੀਕਲ ਕੈਂਪ





**ਰਾਏਕੋਟ, ( ਗੁਰਭਿੰਦਰ ਗੁਰੀ)** ਡਾਕਟਰ ਰਵੀ ਕੁਮਾਰ ਡੂਮਰਾ (ਡਾਇਰੈਕਟਰ ਆਫ ਆਯੂਰਵੇਦਾ ਪੰਜਾਬ) ਡਾਕਟਰ ਰਮਨ ਖੰਨਾ (ਜਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫਸਰ ਲੁਧਿਆਣਾ ਪੰਜਾਬ) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਯੂਸ਼ਮਾਨ ਆਰੋਗਿਆ ਕੇਂਦਰ ਸੂਜਾਪੁਰ ਵੱਲੋਂ ਅੱਜ ਆਯੁਰਵੈਦਿਕ ਦਿਵਸ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਪਿੰਡ ਬੜੈਚ ਵਿਖੇ 10ਵਾਂ ਆਯੁਰਵੈਦਿਕ ਕੈਂਪ ਲਗਾਇਆ ਗਿਆ।

ਕੈਂਪ ਦਾ ਉਦਘਾਟਨ ਸਰਪੰਚ ਪ੍ਰੀਤ ਕੌਰ ਅਤੇ ਸਮੂਹ ਗ੍ਰਾਮ ਪੰਚਾਇਤ ਬੜੈਚ ਵੱਲੋਂ ਅਤੇ ਸਮੂਹ ਗੁਰਦੁਆਰਾ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਕੈਂਪ ਵਿੱਚ ਡਾ: ਸਮਸੂਦੀਨ ਖਾਨ, ਡਾ: ਕਾਮਰੂਲ ਹਸਨ ਅਤੇ ਉਪਵੈਦ ਮਨਜੀਤ ਸਿੰਘ ਦੀ ਟੀਮ ਵੱਲੋਂ 160 ਦੇ ਕਰੀਬ ਮਰੀਜ਼ਾਂ ਦਾ ਚੈੱਕਅੱਪ ਕੀਤਾ ਗਿਆ ਅਤੇ ਕੈਂਪ ਦੌਰਾਨ ਵੱਖ-ਵੱਖ ਰੋਗਾਂ ਦੀਆਂ ਆਯੂਰਵੈਦਿਕ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸਰਦਾਰ ਚਰਨਜੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਨੂੰ ਸਭਨਾਂ ਨੂੰ ਮਿਲ ਕੇ ਅਜਿਹੇ ਕਾਰਜ ਪਿੰਡਾਂ ਦੀਆਂ ਪੰਚਾਇਤਾਂ ਦੇ ਸਹਿਯੋਗ ਨਾਲ ਕਰਨੇ ਚਾਹੀਦੇ ਹਨ ਉਹਨਾਂ ਪਿੰਡ ਵਾਸੀਆਂ ਨੂੰ ਭਵਿੱਖ ਵਿੱਚ ਅਜਿਹੇ ਕੈਂਪਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਮਨਦੀਪ ਕੁਮਾਰ ਪੰਚ, ਜਗਦੀਪ ਸਿੰਘ ਪੰਚ,ਰਘਬੀਰ ਸਿੰਘ ਪੰਚ,ਮਨਜੀਤ ਕੌਰ ਪੰਚ, ਅਮਰਜੀਤ ਕੌਰ ਪੰਚ,ਸੰਦੀਪ ਕੌਰ ਪੰਚ, ਜਸਵੀਰ ਕੌਰ, ਸੰਦੀਪ ਕੌਰ,ਅਮ੍ਰਿਤਪਾਲ ਸਿੰਘ, ਸੁਰਜੀਤ ਸਿੰਘ ਤੋਂ ਇਲਾਵਾ ਪਿੰਡ ਵਾਸੀ ਮੌਜੂਦ ਸਨ।

# ਜਰੂਰਤ ਮੰਦ ਦੀ ਸਹਾਇਤਾ ਲਈ ਅੱਗੇ ਆਈ ਸਨਾਤਨ ਧਰਮ ਸਭਾ (ਰਜਿ.) ਬਲਾਚੌਰ




**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਸਨਾਤਨ ਧਰਮ ਸਭਾ ਵੱਲੋਂ ਇੱਕ ਜਰੂਰਤਬੰਦ ਸੱਜਣ ਬਲਵੀਰ ਸਿੰਘ ਪਿੰਡ ਮਹਿੰਦੀਪੁਰ ਨੂੰ ਸਿਲਾਈ ਮਸ਼ੀਨ ਦਿੱਤੀ ਗਈ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਸਨਾਤਮ ਧਰਮ ਸਭਾ ਦੇ ਪ੍ਰਧਾਨ ਰਣਦੀਪ ਕੌਸ਼ਲ ਨੇ ਦੱਸਿਆ ਕਿ ਸਾਡੇ ਕੋਲ ਬਲਵੀਰ ਸਿੰਘ ਵਲੋਂ ਇੱਕ ਬੇਨਤੀ ਪੱਤਰ ਆਇਆ ਸੀ ਕਿ ਮੈਂ ਸਿਲਾਈ ਦਾ ਕੰਮ ਜਾਣਦਾ ਹਾਂ ਜੇਕਰ ਮੈਨੂੰ ਸਿਲਾਈ ਮਸ਼ੀਨ ਮਿਲ ਜਾਵੇ ਤਾਂ ਮੈਂ ਆਪਣੀ ਰੋਜੀ ਰੋਟੀ ਕਮਾਣ ਯੋਗ ਹੋ ਜਾਵਾਂਗਾ । ਇਹਨਾਂ ਦੀ ਜਰੂਰਤ ਨੂੰ ਸਮਝਦੇ ਹੋਏ ਸਨਾਤਨ ਧਰਮ ਸਭਾ ਨੇ ਇਹਨਾਂ ਨੂੰ ਸਲਾਈ ਮਸ਼ੀਨ ਦੇਣ ਦਾ ਫੈਸਲਾ ਕੀਤਾ ਅਤੇ ਅੱਜ ਉਹ ਮਸ਼ੀਨ ਇਹਨਾਂ ਨੂੰ ਦੇ ਦਿੱਤੀ ਅਸੀਂ ਪਰਮਾਤਮਾ ਨੂੰ ਪ੍ਰਾਰਥਨਾ ਕਰਦੇ ਹਾਂ ਕਿ ਬਲਵੀਰ ਸਿੰਘ ਆਪਣੀ ਰੋਜੀ ਰੋਟੀ ਕਮਾਵੇ ਆਪਣੇ ਬੱਚੇ ਨਾਲ ਪਾਲ ਪੋਸ਼ਣ ਕਰੇ। ਇਸ ਮੌਕੇ ਜਗਦੀਸ਼ ਕਪਿਲ (ਸਰਪ੍ਸਤ) ਪਰਮਜੀਤ ਰੱਤੇਵਾਲੀਆ (ਜਨਰਲ ਸਕੱਤਰ )ਵਿਸ਼ਵਰਾਜ ਰਾਣਾ ਸੋਮਨਾਥ ਤਕਲਾ ਨੰਦ ਕਿਸ਼ੋਰ ਆਦੀ ਹਾਜ਼ਰ ਸਨ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਹਾਨ ਗੁਰਮਤਿ ਸਮਾਗਮ ਅੱਜ



**ਨਵਾਂਸ਼ਹਿਰ /ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਸ਼ਹੀਦੀ ਪੁਰਬ (ਸਾਕਾ-ਏ-ਚਾਂਦਨੀ ਚੌਂਕ) ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਕਰਵਾਏ ਜਾ ਰਹੇ ਜ਼ਿਲ੍ਹਾ ਪੱਧਰੀ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਅੱਜ 23 ਸਤੰਬਰ ਦਿਨ ਮੰਗਲਵਾਰ ਨੂੰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੂਰੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ । ਇਹ ਜਾਣਕਾਰੀ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦਿੰਦੇ ਦੱਸਿਆ ਕਿ ਅੱਜ 23 ਸਤੰਬਰ ਦਿਨ ਮੰਗਲਵਾਰ ਸ਼ਾਮ 5.30 ਤੋਂ ਰਾਤ 9 ਵਜੇ ਤੱਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਹਾਨ ਗੁਰਮਤਿ ਸਮਾਗਮ ਦਾ ਆਯੋਜਨ ਹੋਵ-ੇਗਾ । ਜਿਸ ਵਿੱਚ ਪੰਥ ਦੇ ਪ੍ਰਸਿੱਧ ਕੀਰਤੀਨੇ ਭਾਈ ਸ਼ੁੱਭਦੀਪ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪ੍ਰਸਿੱਧ ਕਥਾਵਾਚਕ ਡਾ. ਸਰਬਜੀਤ ਸਿੰਘ ਰੇਣਕਾ ਲੁਧਿਆਣੇ ਵਾਲਿਆਂ ਵੱਲੋਂ ਕਥਾ - ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਜਾਵੇਗਾ। ਸਮਾਗਮ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ । ਇਸ ਮੌਕੇ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ, ਸ. ਮਹਿੰਦਰਪਾਲ ਸਿੰਘ ਦਫ਼ਤਰ ਸੁਪਰਡੈਂਟ ਵੀ ਹਾਜ਼ਰ ਸਨ ।

# ਐੱਨ ਐੱਸ ਐੱਸ ਯੂਨਿਟ ਵੱਲੋਂ 'ਨਸ਼ਾ ਮੁਕਤ ਵਿਕਸਿਤ ਭਾਰਤ ਮੁਹਿੰਮ ਤਹਿਤ ਸੈਮੀਨਾਰ ਦਾ ਆਯੋਜਨ

**ਕਪੂਰਥਲਾ, (ਕੌੜਾ)-** ਬੇਬੇ ਨਾਨਕੀ ਯੂਨੀਵਰਸਿਟੀ ਕਾਲਜ (ਲੜਕੀਆਂ) ਫੱਤੂਢੀਂਗਾ ਵਿਖੇ ਕਾਲਜ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਜੀ ਦੀ ਅਗਵਾਈ ਹੇਠ 'ਪੰਜਾਬ ਸਰਕਾਰ, ਖੇਡਾਂ ਤੇ ਯੁਵਕ ਸੇਵਾਵਾਂ, ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ 'ਨਸ਼ਾ ਮੁਕਤ ਵਿਕਸਿਤ ਭਾਰਤ ਮੁਹਿੰਮ ਤਹਿਤ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਦੇ ਕੋਆਰਡੀਨੇਟਰ ਪ੍ਰੋਫੈਸਰ ਕੁਲਦੀਪ ਕੌਰ ਵੱਲੋਂ ਨਸ਼ੇ ਦੀ ਵੱਧ ਰਹੀ ਸਮੱਸਿਆ ਅਤੇ ਇਹਨਾਂ ਦੇ ਨਾਲ ਸਰੀਰ ਉੱਪਰ ਪੈਣ ਵਾਲੇ ਖਤਰਨਾਕ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਗਿਆ ਅਤੇ ਇਸ ਕਰੋਪੀ ਤੋਂ ਬਚਣ ਦੇ



ਤਰੀਕਿਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਉਹਨਾਂ ਨੇ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ, ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਵਿੱਚ ਸਾਕਰਾਤਮਿਕ ਬਦਲਾ ਲਿਆਉਣ ਲਈ ਪ੍ਰੇਰਿਤ ਕਰਦਿਆਂ ਹੋਇਆਂ ਆਪਣੇ ਆਲੇ-ਦੁਆਲੇ ਵਿੱਚ ਵੀ ਇਸ ਕਰੋਪੀ ਬਾਰੇ ਜਾਗਰੂਕਤਾ ਫੈਲਾਉਣ ਦਾ ਸੰਦੇਸ਼ ਦਿੱਤਾ। ਕਾਲਜ ਦੇ ਓ.ਐੱਸ.ਡੀ. ਡਾ. ਦਲਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਜਿਹੇ ਪ੍ਰੋਗਰਾਮ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਮਹੱਤਵਪੂਰਨ ਹਨ। ਉਹਨਾਂ ਕਿਹਾ ਕਿ ਯੁਵਾ ਸ਼ਕਤੀ ਦੇਸ਼ ਦਾ ਭਵਿੱਖ ਹੈ ਅਤੇ ਉਹਨਾਂ ਨੂੰ ਆਪਣੀ ਊਰਜਾ ਦਾ ਇਸਤੇਮਾਲ ਸਹੀ ਦਿਸ਼ਾ ਵਿੱਚ ਕਰਨਾ ਚਾਹੀਦਾ ਹੈ। ਉਹਨਾਂ ਨੇ ਵਿਦਿਆਰਥਣਾਂ ਨੂੰ ਆਪਣੇ ਆਲੇ-ਦੁਆਲੇ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਵੀ ਪ੍ਰੇਰਿਤ ਕੀਤਾ। ਇਸ ਮੌਕੇ ਕਾਲਜ ਦੀਆਂ ਵਿਦਿਆਰਥਣਾਂ ਨੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਇਸ ਮੌਕੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

# ਅੱਜ ਦਾਣਾ ਮੰਡੀ ਬੰਗਾ ਵਿੱਚ ਝੋਨੇ ਦੀ ਖਰੀਦ ਲੱਡੂ ਵੰਡ ਕੇ ਕੀਤੀ : ਕੁਲਜੀਤ ਸਿੰਘ ਸਰਹਾਲ

**ਬੰਗਾ (ਚਰਨਜੀਤ ਸੱਲ੍ਹਾਂ )** ਦਾਣਾ ਮੰਡੀ ਬੰਗਾ ਵਿੱਚ ਝੋਨੇ ਦੇ ਸੀਜਨ ਦੀ ਖਰੀਦ ਦੀ ਸ਼ੁਰੂਆਤ ਕੁਲਜੀਤ ਸਿੰਘ ਸਰਹਾਲ ਹਲਕਾ ਇੰਚਾਰਜ ਸ਼੍ਰੀ ਆਨੰਦਪੁਰ ਸਾਹਿਬ ਨੇ ਲੱਡੂ ਵੰਡਕੇ ਕੀਤੀ। ਇਸ ਮੌਕੇ ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਤੁਸੀਂ ਝੋਨਾਂ ਸੁੱਕਾ ਕੇ ਲਿਆਉਣਾ ਹੈ ਅਤੇ ਤੁਹਾਡੇ ਝੋਨੇ ਦਾ ਮੁੱਲ ਪੈਵੇਗਾ। ਇਸ ਮੰਡੀ ਵਿੱਚ ਹਰੇਕ ਤਰ੍ਹਾਂ ਦਾ ਪ੍ਰਬੰਧ ਕੀਤਾ ਗਿਆ ਹੈ ਤਾਂ ਕਿ ਕਿਸਾਨ ਵੀਰ ਅਤੇ ਮਜ਼ਦੂਰ ਵੀਰਾਂ ਨੂੰ ਕਿਸੇ ਮਸੀਬਤ ਦਾ



ਸਾਹਮਣਾ ਨਾਂ ਕਰਨਾਂ ਪਵੇ।ਇਸ ਮੌਕੇ ਉਹਨਾਂ ਦੇ ਨਾਲ ਬਲਵੀਰ ਸਿੰਘ ਕਰਨਾਣਾ ਚੇਅਰਮੈਨ, ਸੋਹਣ ਲਾਲ ਢੰਡਾ ਜਿਲ੍ਹਾ ਪ੍ਰਧਾਨ ਐਸੀ ਸੈੱਲ, ਮੈਡਮ ਹਰਜੋਤ ਕੌਰ ਲੋਹਟੀਆ ਅਤੇ ਆਮ ਆਦਮੀ ਪਾਰਟੀ ਦੀ ਲੀਡਰਸ਼ਿੱਪ, ਕਿਸਾਨ ਅਤੇ ਮਜਦੂਰ ਹਾਜਰ ਸਨ।



# ਮਿਲ ਵੱਲ ਗੰਨੇ ਦੇ ਬਕਾਏ ਦਾ ਮੁੱਦਾ ਗੂੰਜਿਆ

## ●12 ਕਰੋੜ 77 ਲੱਖ ਦਾ ਬਕਾਇਆ ਦੇਣ ਵਿਚ ਪੰਜਾਬ ਸਰਕਾਰ ਕਰ ਰਹੀ ਖੱਜਲ ਖੁਆਰ : ਕਸ਼ਮੀਰ ਸਿੰਘ ਪੰਨੂ ●ਵੱਡਾ ਸੰਘਰਸ਼ ਵਿੱਢਣ ਦੀ ਦਿੱਤੀ ਚਿਤਾਵਨੀ




**ਨਕੋਦਰ ( ਹਰਜਿੰਦਰ ਸਿੰਘ ਚੰਦੀ )–** ਭਾਰਤੀ ਕਿਸਾਨ ਯੂਨੀਅਨ ਦੁਆਬਾ ਇਕਾਈ ਮਹਿਤਪੁਰ ਦੇ ਕਿਸਾਨ ਆਗੂ ਕਸ਼ਮੀਰ ਸਿੰਘ ਪੰਨੂ ਨੇ ਚਿਤਾਵਨੀ ਦਿੰਦਿਆਂ ਕਿਹਾ ਗੰਨਾ ਮਿੱਲ ਵੱਲ ਕਿਸਾਨ ਗੰਨਾ ਕਾਸ਼ਤਕਾਰਾਂ ਦਾ ਲਗਭਗ 12 ਕਰੋੜ 77 ਲੱਖ ਖੜਾ ਹੈ , ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਾਣ ਬੁੱਝ ਕੇ ਗੰਨੇ ਦਾ ਬਕਾਇਆ ਦੇਣ ਵਿੱਚ ਕਿਸਾਨਾਂ ਨੂੰ ਬਹੁਤ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਪੰਨੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਯੂਨੀਅਨ ਵੱਲੋਂ ਬਹੁਤ ਵਾਰੀ ਗੰਨੇ ਦੇ ਬਕਾਏ ਨੂੰ ਲੈ ਕੇ ਮੰਗ ਪੱਤਰ ਸੌਂਪਿਆ ਗਿਆ ਹੈ ਪਰ ਪੰਜਾਬ ਸਰਕਾਰ ਦੇ ਕੰਨ ਤੇ ਜੂੰ ਨਹੀਂ ਸਰਕਦੀ । ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਕਰ ਸਰਕਾਰ ਵੱਲੋਂ ਤੁਰੰਤ ਬਕਾਇਆ ਰਾਸ਼ੀ ਵਿਆਜ਼ ਸਮੇਤ ਰਲੀਜ ਨਾ ਕੀਤੀ ਤਾਂ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਬੇਕੇਯੂ ਦੁਆਬਾ ਕਿਸਾਨ ਆਗੂ ਕਸ਼ਮੀਰ ਸਿੰਘ ਪੰਨੂ ਤੇ ਗੁਰਚੇਤਨ ਸਿੰਘ ਤੱਖਰ ਦੀ ਅਗਵਾਈ ਹੇਠ ਮਿਲ ਦੇ ਮੁੱਖ ਪ੍ਰਬੰਧਕ ਰਾਹੀਂ ਮੰਗ ਪੱਤਰ ਸੌਂਪਿਆ ਗਿਆ। ਜਿਸ ਵਿਚ ਤੁਰੰਤ ਗੰਨੇ ਦਾ ਬਕਾਇਆ ਰਾਸ਼ੀ ਦੇਣ ਦੀ ਮੰਗ ਕੀਤੀ ਗਈ।ਉਨ੍ਹਾਂ ਕਿਹਾ ਜੋ ਕਿਸਾਨਾਂ ਦੀ ਗੰਨੇ ਪਲੈਨਟੀ ਸੰਨ 2023-24- ਅਤੇ 2024-25 ਵਿਚ ਕੱਟੀ ਗਈ ਹੈ। ਤਰੁੰਤ ਕਿਸਾਨਾਂ ਦੇ ਖਾਤਿਆਂ ਵਿਚ ਪਾਣੀ ਜਾਵੇ ਅਤੇ ਫੜ ਨੂੰ ਉੱਚਾ ਕਰਕੇ ਪੱਕਾ ਕੀਤਾ ਜਾਵੇ ਤਾਂ ਨਕੋਦਰ ਰੋਡ ਤੇ ਲੈ ਕੇ ਟੋਕਨ ਤੇ ਕੰਡੇ ਤੱਕ ਕੰਕਰੀਟ ਨਾਲ ਰੋਡ ਬਣਾਇਆ ਜਾਵੇ ਜੋ ਗੰਨਾ ਮਿੱਲ ਵਿਚ ਲਿਜਾਣ ਸਮੇਂ ਕਾਸ਼ਤਕਾਰਾਂ ਨੂੰ ਕੋਈ ਮੁਸ਼ਕਿਲਾਂ ਨਾ ਆਵੇ ਸੜਕ ਉੱਚੀ ਨੀਵੀਂ ਹੋਣ ਕਾਰਨ ਗੰਨੇ ਦੀਆਂ ਭਰੀਆਂ ਟਰਾਲੀਆਂ ਪਲਟ ਜਾਂਦੀਆਂ ਹਨ ਅਤੇ ਕਿਸਾਨਾਂ ਦਾ ਬਹੁਤ ਨੁਕਸਾਨ ਹੁੰਦਾ ਹੈ । ਉਨ੍ਹਾਂ ਕਿਹਾ ਕਿ ਜੋਂ ਵੈਲਫੇਅਰ ਫੰਡ ਗੰਨਾ ਮਿੱਲ ਕੋਲ ਜਮਾ ਹੈ ਇਹ ਫੰਡ ਮਿਲ ਦੇ ਵਿਕਾਸ ਵਾਸਤੇ ਕਿਸਾਨਾਂ ਦੀ ਸਹਿਮਤੀ ਨਾਲ ਖਰਚ ਕੀਤਾ ਜਾਵੇ। ਇਸ ਮੌਕੇ ਕਸ਼ਮੀਰ ਸਿੰਘ ਪੰਨੂ ਤੰਦਾਉਰਾ, ਗੁਰਚੇਤਨ ਸਿੰਘ ਤੱਖਰ, ਨਰਿੰਦਰ ਸਿੰਘ ਉਧੋਵਾਲ, ਰਛਪਾਲ ਸਿੰਘ ਸਾਦੀ ਪੁਰ ,ਸਤਨਾਮ ਸਿੰਘ ਮੰਡਿਆਲਾ, ਨਿਰਮਲ ਸਿੰਘ ਚੱਠਾ ,ਗੁਰਦਿਆਲ ਸਿੰਘ ਤਲਵਣ, ਮਨਜਿੰਦਰ ਸਿੰਘ ਹਰਦੋ ਸੰਘਾ ,ਗੁਰਨਾਮ ਭਜਨ ਸਿੰਘ ਉਧੋਵਾਲ, ਹੀਰਾ ਸਿੰਘ, ਗੁਰਮੇਲ ਸਿੰਘ ਪਛਾੜੀਆ, ਸੁਖਵਿੰਦਰ ਸਿੰਘ ਸੰਗਲਤੋੜ , ਹਰਬੰਸ ਸਿੰਘ ਤੰਦਾਉਰਾ, ਬਲਵਿੰਦਰ ਸਿੰਘ ,ਦਵਿੰਦਰ ਸਿੰਘ ਬਾਠ ਕਲਾ, ਸੂਬਾ ਸਿੰਘ ਅਜਤਾਣੀ ,ਗੁਰਵਿੰਦਰ ਸਿੰਘ ਮਹਿਤਪੁਰ ,ਮਹਿੰਦਰ ਸਿੰਘ ਗੋਬਿੰਦਪੁਰ, ਬਲਵਿੰਦਰ ਸਿੰਘ ਬਿੱਲਾ, ਕੇਵਲ ਸਿੰਘ ਗੁਰ ਅਵਤਾਰ ਸਿੰਘ, ਮਹਿੰਦਰ ਸਿੰਘ, ਕੁਲਵੀਰ ਸਿੰਘ ,ਪ੍ਰਦੀਪ ਸਿੰਘ ,ਇੱਕਬਾਲ ਸਿੰਘ, ਸਹਿਜਵੀਰ ਸਿੰਘ, ਈਸ਼ਵਰ ਸਿੰਘ, ਅਨਮੋਲ ਸਿੰਘ, ਧੰਨਾ ਸਿੰਘ, ਗੁਰਮੁਖ ਸਿੰਘ ,ਨਗਿੰਦਰ ਸਿੰਘ ਆਦਿ ਹਾਜ਼ਰ ਸਨ।

# ਕੋਟ ਫਤੂਹੀ ਚੌਕੀ ਦੇ ਇੰਚਾਰਜ ਵੱਲੋਂ ਕਾਲੇਵਾਲ ਫੱਤੂ ਦੇ ਇੱਕ ਲੜਕੇ ਤੇ ਨਸ਼ੇ ਦਾ ਝੂਠਾ ਪਰਚਾ ਕਰਨ ਦਾ ਦੋਸ਼



**ਹੁਸ਼ਿਆਰਪੁਰ /ਕੋਟ ਫਤੂਹੀ (ਤਰਸੇਮ ਦੀਵਾਨਾ)–**ਨਜ਼ਦੀਕੀ ਪਿੰਡ ਕਾਲੇਵਾਲ ਫੱਤੂ ਦੇ ਇੱਕ ਪਰਿਵਾਰ ਵੱਲੋ ਕੋਟਫ਼ਤੂਹੀ ਪੁਲਿਸ ਚੌਕੀ ਇੰਚਾਰਜ ਵੱਲੋ ਉਨ੍ਹਾਂ ਦੇ ਲੜਕੇ ਤੇ ਨਸ਼ੇ ਦੀਆ ਗੋਲੀਆ ਪਾ ਕੇ ਝੂਠਾ ਪਰਚਾ ਕਰਨ ਦਾ ਦੋਸ਼ ਤੇ ਪਰਿਵਾਰ ਰੋਸ ਵੱਜੋ ਪੁਲਿਸ ਚੌਕੀ ਵਿਖੇ ਇਕੱਠੇ ਹੋਏ ਫ਼ ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਕਾਲੇਵਾਲ ਫੱਤੂ ਦੇ ਚਰਨਜੀਤ ਸਿੰਘ ਉਨ੍ਹਾਂ ਦੀ ਪਤਨੀ ਬਿੰਦਰ ਕੌਰ ਤੇ ਉਨ੍ਹਾਂ ਦੇ ਸਾਥੀ ਮਨਜੀਤ ਸਿੰਘ, ਸੰਤੋਖ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ, ਜਸਵਿੰਦਰ ਸਿੰਘ, ਸੰਦੀਪ ਸਿੰਘ, ਮੇਜਰ ਸਿੰਘ, ਕੁਲਦੀਪ ਸਿੰਘ, ਦਵਿੰਦਰ ਕੌਰ, ਸਤਵਿੰਦਰ ਕੌਰ ਆਦਿ ਨੇ ਦੱਸਿਆ ਕਿ 26 ਅਗਸਤ ਨੂੰ ਐਨ. ਡੀ.ਪੀ.ਐੱਸ ਐਕਟ ਤਹਿਤ ਉਨ੍ਹਾਂ ਦੇ ਲੜਕੇ ਗੁਰਮੁਖ ਸਿੰਘ ਉਰਫ਼ ਭੋਲਾ ਦੇ ਖ਼ਿਲਾਫ਼ ਪੁਲਿਸ ਚੌਕੀ ਇੰਚਾਰਜ ਵੱਲੋ 41 ਖੁਲੀਆ ਨਸ਼ੀਲੀਆਂ ਗੋਲੀਆ ਸਬੰਧੀ ਦਿੱਤਾ ਗਿਆ ਜੋ ਪਰਚਾ ਹੈ, ਉਹ ਝੂਠਾਂ ਹੈ, ਪੁਲਿਸ ਨੇ ਉਸ ਨਾਲ ਸ਼ਰੇਆਮ ਧੱਕਾ ਕੀਤਾ ਹੈ ਫ਼ ਜਦਕਿ ਪਿੰਡ ਵਿਚ ਗੱਡੀ ਚੋਰੀ ਦੇ ਸਬੰਧ ਵਿਚ ਮੇਰੇ ਲੜਕੇ ਨੂੰ ਬਿਆਨ ਲੈਣ ਲਈ ਪੁਲਿਸ ਚੌਕੀ ਸੱਦਿਆ ਸੀ ਸ਼ਾਮ ਨੂੰ ਸਾਨੂੰ ਲੜਕੇ ਨੂੰ ਘਰ ਲੈ ਜਾਣ ਲਈ ਮੁਲਾਜ਼ਮਾਂ ਨੇ ਫ਼ੋਨ ਕੀਤਾ, ਜਿਸ ਤੇ ਅਸੀ ਉਸ ਨੂੰ ਘਰ ਲੈ ਗਏ ਤੇ ਦੂਸਰੇ ਦਿਨ ਪੁਲਿਸ ਦੇ ਕਹਿਣ ਦੇ ਫਿਰ ਅਸੀ ਸਵੇਰੇ 10 ਵਜੇ ਲੜਕੇ ਨੂੰ ਚੌਕੀ ਪੇਸ਼ ਕੀਤਾ ਤਾ ਪੁਲਿਸ ਨੇ ਉਸ ਨੂੰ ਦਿਨੇ ਛੱਡਿਆ ਨਹੀ ਸਗੋਂ ਸ਼ਾਮ ਚਾਰ-ਪੰਜ ਕੁ ਵਜੇ ਦੇ ਕਰੀਬ ਪੁਲਿਸ ਨੇ ਉਸ ਤੇ ਨ ਸ ੀ ਲ ੀ ਅ ਾਂ ਗੋਲੀਆ ਦਾ ਪਰਚਾ ਪਾ ਦਿੱਤਾ ਫ਼ ਜਦਕਿ ਇਸ ਲੜਕੇ ਤੇ ਪਹਿਲਾ ਵੀ ਲੜਾਈ ਝਗੜੇ ਦਾ ਪਰਚਾ ਸੀ, ਜਿਸ ਵਿਚੋਂ ਉਹ ਬਰੀ ਹੋ ਗਿਆ ਸੀ ਫ਼ ਇਸ ਸਬੰਧ ਵਿਚ ਪਰਿਵਾਰ ਵੱਲੋ ਰੋਸ ਦੇ ਸਬੰਧ ਵਿਚ ਪੁਲਿਸ ਚੌਕੀ ਵਿਖੇ ਇਕੱਠੇ ਹੋ ਕੇ ਪੁਲਿਸ ਮੁਲਾਜ਼ਮਾਂ ਨਾਲ ਗੱਲਬਾਤ ਕਰਨ ਨੂੰ ਪਹੁੰਚੇ ਫ਼

ਪੱਖ : - ਇਸ ਸਬੰਧ ਵਿਚ ਪੁਲਿਸ ਚੌਕੀ ਇੰਚਾਰਜ ਏ. ਐੱਸ. ਆਈ ਸੁਖਵਿੰਦਰ ਸਿੰਘ ਨਾਲ ਗੱਲਬਾਤ ਕੀਤੀ, ਤਾਂ ਉਨ੍ਹਾਂ ਪਰਿਵਾਰ ਵੱਲੋ ਲਗਾਏ ਦੋਸਾਂ ਨੂੰ ਸਿਰੇ ਤੋ ਨਕਾਰਦੇ ਹੋਏ ਕਿਹਾ ਕਿ ਸਾਨੂੰ ਉਸ ਲੜਕੇ ਪਾਸੋਂ ਨਾਕੇ ਤੇ ਨਸ਼ੀਲੀਆਂ ਗੋਲੀਆ ਮਿਲੀਆ ਸਨ, ਜਿਸ ਤੇ ਉਸ ਦੇ ਵਿਰੁੱਧ ਪਰਚਾ ਦਰਜ ਕਰ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਹੈ ਬਾਕੀ ਪਰਿਵਾਰ ਵੱਲੋ ਮੇਰੇ ਉੱਪਰ ਲਗਾਏ ਦੋਸ਼ ਬੇ ਬੁਨਿਆਦ ਹਨ।

**ਫੋਟੋ ਅਜਮੇਰ ਦੀਵਾਨਾ**

# ਮਾਮਲਾ ਨਕੋਦਰ ਤੋਂ ਜਗਰਾਓਂ ਰੋਡ ਦੀ ਖ਼ਸਤਾ ਹਾਲਤ ਦਾ

## ਬੀਕੇਯੂ ਪੰਜਾਬ ਵੱਲੋਂ 25 ਨੂੰ ਪੁਤਲਾ ਫੂਕਣ ਤੋਂ ਬਾਅਦ 26 ਨੂੰ ਮੁਕੰਮਲ ਰੋਡ ਬੰਦ ਦੀ ਚਿਤਾਵਨੀ





**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਭਾਰਤੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਨਕੋਦਰ ਤੋਂ ਜਗਰਾਓਂ ਰੋਡ ਦੀ ਬੇਹੱਦ ਤਰਸਯੋਗ ਹਾਲਤ ਨੂੰ ਲੈ ਕੇ ਵਾਰ ਵਾਰ ਟੋਲ ਅਧਿਕਾਰੀਆਂ ਨਾਲ ਕੀਤੀ ਗੱਲਬਾਤ ਨੂੰ ਕੋਈ ਆਰਥਕ ਬੂਰ ਨਾ ਪੈਣ ਕਾਰਨ ਮਿਤੀ 19 ਸਤੰਬਰ ਤੋਂ ਹੁਣ ਤੱਕ ਰਾਜਦੀਪ ਟੋਲ ਤੇ ਅਣਮਿੱਥੇ ਸਮੇਂ ਲਈ ਪਰਚੀ ਮੁਕਤ ਕੀਤਾ ਗਿਆ ਹੈ ਪ੍ਰੰਤੂ ਕਿਸੇ ਵੀ ਟੋਲ ਅਧਿਕਾਰੀ ਜਾਂ ਪ੍ਰਸ਼ਾਸਨ ਦੇ ਕੰਨ ਤੇ ਜੂੰ ਨਾ ਸਰਕਣ ਕਰਕੇ ਬੀਕੇਯੂ ਪੰਜਾਬ ਅਤੇ ਇਲਾਕਾ ਨਿਵਾਸੀਆਂ ਅਤੇ ਹਮ ਖਿਆਲੀ ਜਥੇਬੰਦੀਆਂ ਵੱਲੋਂ ਭਰਮੀ ਮੀਟਿੰਗ ਦੌਰਾਨ ਫੈਸਲਾ ਲਿਆ ਗਿਆ। ਕਿ 25 ਸਤੰਬਰ ਨੂੰ ਸਵੇਰੇ ਗਿਆਰਾਂ ਵਜੇ ਰੋਹਿਨ ਰਾਜਦੀਪ ਟੋਲ ਪਲਾਜ਼ਾ ਅਤੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਜਾਵੇਗਾ ਅਤੇ 26 ਸਤੰਬਰ ਨੂੰ ਸਵੇਰੇ 11 ਵਜੇ ਟੋਲ ਪਲਾਜ਼ਾ ਤੋਂ ਰੋਡ ਮੁਕੰਮਲ ਬੰਦ ਕਰ ਦਿੱਤਾ ਜਾਵੇਗਾ ਜੇਕਰ ਇਸ ਦੌਰਾਨ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਸ ਦਾ ਜ਼ਿੰਮੇਵਾਰ ਪ੍ਰਸਾਸਨ ਹੋਵੇਗਾ। ਇਸ ਮੀਟਿੰਗ ਦੌਰਾਨ ਇਹ ਵੀ ਵਿਚਾਰ ਕੀਤਾ ਗਿਆ ਕਿ ਇਸ ਸੰਘਰਸ਼ ਨੂੰ ਨੇਪਰੇ ਚਾੜ੍ਹਨ ਭਰਾਤਰੀ ਜਥੇਬੰਦੀਆਂ ਅਤੇ ਇਲ-ਾਕਾ ਨਿਵਾਸੀਆਂ ਦਾ ਸਾਥ ਲਿਆ ਜਾਵੇਗਾ। ਇਸ ਮੌਕੇ ਨਰਿੰਦਰ ਸਿੰਘ ਬਾਜਵਾ ਕੌਰ ਕਮੇਟੀ ਮੈਂਬਰ ਪੰਜਾਬ, ਲਖਵੀਰ ਸਿੰਘ ਜ਼ਿਲ੍ਹਾ ਪ੍ਰਧਾਨ, ਤਜਿੰਦਰਪਾਲ ਸਿੰਘ ਸਿੱਧੂ, ਸੋਢੀ ਸਿੰਘ ਜ਼ਿਲ੍ਹਾ ਮੀਤ ਪ੍ਰਧਾਨ, ਹਰਜਿੰਦਰ ਸਿੰਘ ਚੰਦੀ ਪ੍ਰੈਸ ਸਕੱਤਰ ਪੰਜਾਬ, ਗੁਰਦੀਪ ਸਿੰਘ ਤਹਿਸੀਲ ਪ੍ਰਧਾਨ ਨਕੋਦਰ, ਮਹਿੰਦਰ ਪਾਲ ਸਿੰਘ ਤਹਿਸੀਲ ਪ੍ਰਧਾਨ ਨੂਰਮਹਿਲ, ਬਲਜਿੰਦਰ ਸਿੰਘ ਕੰਗ, ਰਣਜੀਤ ਸਿੰਘ ਕੋਹਾੜ, ਹਰਮਨਪ੍ਰੀਤ ਸਿੰਘ ਬਲਾਕ ਪ੍ਰਧਾਨ ਮਹਿਤਪੁਰ, ਇਕਬਾਲ ਸਿੰਘ, ਮਹਿੰਦਰ ਸਿੰਘ ਬਲਾਕ ਪ੍ਰਧਾਨ, ਪਾਲ ਸਿੰਘ ਬੀਟਲ, ਦਵਿੰਦਰ ਸਿੰਘ ਗੋਪੀ ਬੀਟਲ, ਸੁਖਬੀਰ ਸਿੰਘ, ਸਤਬੀਰ ਸਿੰਘ, ਗੁਰਮੁਖ ਸਿੰਘ ਸਰਪੰਚ, ਗੁਰਮੁਖ ਸਿੰਘ ਬੁਰਜ ਹਸਨ, ਸੰਤੋਖ ਸਿੰਘ, ਭਜਨ ਸਿੰਘ, ਹਰਜਿੰਦਰ ਸਿੰਘ, ਸੋਹਣ ਸਿੰਘ, ਬਲਵੰਤ ਸਿੰਘ, ਜਗਮੋਹਨ ਸਿੰਘ, ਬਲਜੀਤ ਸਿੰਘ, ਬਲਜੀਤ ਸਿੰਘ ਗੋਬਿੰਦਪੁਰ, ਬਾਬਾ ਨਿਰਮਲ ਸਿੰਘ, ਕੁਲਦੀਪ ਸਿੰਘ, ਸੁਖਜਿੰਦਰ ਸਿੰਘ, ਨਿਸ਼ਾਨ ਸਿੰਘ, ਮਖਣ ਸਿੰਘ, ਨਰਿੰਦਰ ਸਿੰਘ ਨੰਬਰਦਾਰ, ਨਗਿੰਦਰ ਸਿੰਘ ਪਰਜੀਆ, ਪਰਮਜੀਤ ਸਿੰਘ ਨਾਰੰਗਪੁਰ, ਸੋਨੂੰ ਆਦਰਮਾਨ, ਭੁਪਿੰਦਰ ਸਿੰਘ, ਕੁਲਵੰਤ ਸਿੰਘ, ਸੁਲੱਖਣ ਸਿੰਘ, ਗੁਰਬਚਨ ਸਿੰਘ, ਹਰਬੰਸ ਸਿੰਘ, ਸੰਦੀਪ ਸਿੰਘ, ਸੁਖਦੇਵ ਸਿੰਘ, ਜਸਵਿੰਦਰ ਸਿੰਘ, ਨਰਿੰਦਰ ਸਿੰਘ, ਕੁਲਦੀਪ ਸਿੰਘ, ਸੁਚਾ ਸਿੰਘ, ਜੋਗਿੰਦਰ ਸਿੰਘ ਆਦਰਾਮਾਨ, ਨਰਿੰਦਰ ਸਿੰਘ, ਸੁਰਜੀਤ ਸਿੰਘ, ਪੂਰਨ ਸਿੰਘ ਆਦਿ ਹਾਜ਼ਰ ਸਨ।

# ਮੈਡਮ ਹਰਜੋਤ ਲੋਹਟੀਆ ਨੇ ਨਰਿੰਦਰ ਗੀਤਕਾਰ ਦੀ ਵੱਡੀ ਭੈਣ ਦੀ ਮੌਤ ਦਾ ਅਫਸੋਸ ਪ੍ਰਗਟ ਕੀਤਾ



**ਬੰਗਾ( ਚਰਨਜੀਤ ਸੱਲ੍ਹਾਂ )** ਮੈਡਮ ਹਰਜੋਤ ਕੌਰ ਲੋਹਟੀਆ ਸਟੇਟ ਸੈਕਟਰੀ ਲੇਡੀ ਵਿੰਗ ਪੰਜਾਬ ਨਰਿੰਦਰ ਗੀਤਕਾਰ ਦੀ ਵੱਡੀ ਭੈਣ ਦੀ ਮੌਤ ਤੇ ਦੁੱਖ ਪ੍ਰਗਟ ਕੀਤਾ ਅਤੇ ਉਸ ਵਾਹਿਗੁਰੂ ਜੀ ਦਾ ਭਾਣਾ ਮੰਨਣ ਲਈ ਕਿਹਾ ਇਸ ਮੌਕੇ ਤੇ ਮਨਜੀਤ ਸਿੰਘ ਨਾਮਧਾਰੀ, ਰਾਜ ਕੁਮਾਰ, ਮੋਹਨ ਲਾਲ ਹੀਉਂ ਨਰਿੰਦਰ ਗੀਤਕਾਰ ਦੀ ਵੱਡੀ ਭੈਣ ਊਸ਼ਾ ਰਾਣੀ ਦੀ ਦਰਦਨਾਕ ਮੌਤ ਤੇ ਪ੍ਰੀਵਾਰ ਦੁੱਖ ਪ੍ਰਗਟ ਕਰਦੇ ਹੋਏ ।

# ਪਰਵਾਸੀ -ਪੰਜਾਬੀ ਏਕਤਾ ਮੰਚ ਨੇ ਨਵਾਂਸ਼ਹਿਰ ਵਿਚ ਕੀਤਾ ਏਕਤਾ ਮਾਰਚ

## ●ਪੰਜ ਸਾਲਾਂ ਬੱਚੇ ਹਰਵੀਰ ਸਿੰਘ ਦੇ ਕਾਤਲ ਨੂੰ ਸਖਤ ਸਜਾ ਦੇਣ ਦੀ ਕੀਤੀ ਮੰਗ ●ਪਰਵਾਸੀਆਂ ਨੂੰ ਡਰਾਉਣ-ਧਮਕਾਉਣ ਵਾਲਿਆਂ ਵਿਰੁੱਧ ਹੋਵੇ ਕਾਰਵਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪਰਵਾਸੀ-ਪੰਜਾਬੀ ਏਕਤਾ ਮੰਚ ਵਲੋਂ ਨਵਾਂਸ਼ਹਿਰ ਵਿਖੇ ਏਕਤਾ ਮਾਰਚ ਕਰਕੇ ਪੰਜਾਬੀਆਂ ਅਤੇ ਪਰਵਾਸੀਆਂ ਦੀ ਸਾਂਝ ਨੂੰ ਹੋਰ ਪਕੇਰਾ ਕਰਨ ਦਾ ਸੱਦਾ ਦਿੱਤਾ। ਸੰਯੁਕਤ ਕਿਸਾਨ ਮੋਰਚਾ, ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ,ਪੇਂਡੂ ਮਜਦੂਰ ਯੂਨੀਅਨ,ਪਰਵਾਸੀ ਮਜਦੂਰ ਯੂਨੀਅਨ, ਉਸਾਰੀ ਮਿਸਤਰੀ ਮਜਦੂਰ ਯੂਨੀਅਨ, ਰੇਹੜੀ ਵਰਕਰ ਯੂਨੀਅਨ, ਜੁਗਾੜੂ ਰੇਹੜਾ ਵਰਕਰ ਯੂਨੀਅਨ ਅਤੇ ਭੱਠਾ ਵਰਕਰ ਯੂਨੀਅਨ ਨੇ ਇਸ ਮਾਰਚ ਵਿਚ ਭਰਵੀਂ ਸ਼ਮੂਲੀਅਤ ਕੀਤੀ।ਮਾਰਚ ਕਰਕੇ ਵਧੀਕ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇ ਕੇ ਹੁਸ਼ਿਆਰਪੁਰ ਵਿਚ ਬੱਚੇ ਹਰਵੀਰ ਸਿੰਘ ਦੇ ਕਾਤਲ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾ ਦੇਣ, ਪਰਵਾਸੀਆਂ ਵਿਰੁੱਧ ਮਤੇ ਪਾਉਣ ਵਾਲੀਆਂ ਪੰਚਾਇਤਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ, ਪਰਵਾਸੀਆਂ ਦੀ ਜਾਨ ਮਾਲ ਦੀ ਸੁਰੱਖਿਆ ਕਰਨ,ਪ੍ਰਸ਼ਾਸਨ ਵਲੋਂ ਜਿਲ੍ਹੇ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ, ਕਿਸਾਨ-ਮਜਦੂਰ ਜਥੇਬੰਦੀਆਂ, ਪਰਵਾਸੀਆਂ ਦੀਆਂ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਛੇਤੀ ਕਰਨ ਦੀ ਮੰਗ ਕੀਤੀ।ਇਕ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਦੇ ਨਾਂਅ ਪ੍ਰਸ਼ਾਸਨ ਨੂੰ ਸੌਂਪਿਆ ਗਿਆ।

ਏਕਤਾ ਮਾਰਚ ਤੋਂ ਪਹਿਲਾਂ ਸਥਾਨਕ ਬੱਸ ਅੱਡੇ ਤੇ ਵਿਸ਼ਾਲ ਰੈਲੀ ਕੀਤੀ ਗਈ ਜਸ ਵਿਚ 2500 ਤੋਂ ਵੀ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ। ਸੱਭ ਤੋਂ ਪਹਿਲਾਂ ਬੱਚੇ ਹਰਵੀਰ ਸਿੰਘ ਨੂੰ ਦੋ ਮਿੰਟ ਦਾ ਮੌਨ ਧਾਰਕੇ ਸ਼ਰਧਾਂਜਲੀ ਦਿੱਤੀ ਗਈ। ਇਸ ਰੈਲੀ ਨੂੰ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ, ਪਰਵਾਸੀ ਮਜਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਪਰਵੀਨ ਕੁਮਾਰ ਨਿਰਾਲਾ,ਜਮਹੂਰੀ ਅਧਿਕਾਰ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ, ਡਾਕਟਰ ਅੰਬੇਡਕਰ ਐਜੂਕੇਸ਼ਨਲ ਵੈਲਫੇਅਰ ਟਰੱਸਟਨਵਾਂਸ਼ਹਿਰ ਦੇ ਪ੍ਰਧਾਨ ਸਤੀਸ਼ ਕੁਮਾਰ ਲਾਲ,ਭਾਰਤੀ ਕਿਸਾਨ ਯੂਨੀਅਨ(ਰਾਜੇਵਾਲ)ਦੇ ਜਿਲਾ ਪ੍ਰਧਾਨ ਸੰਤੋਖ ਸਿੰਘ, ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਸੂਬਾ ਕਮੇਟੀ ਮੈਂਬਰ ਭੁਪਿੰਦਰ ਸਿੰਘ ਵੜੈਚ, ਜਮਹੂਰੀ ਕਿਸਾਨ ਸਭਾ ਦੇ ਆਗੂ ਕੁਲਦੀਪ ਸਿੰਘ ਦੌੜਕਾ,ਆਲ ਇੰਡੀਆ ਕਿਸਾਨ ਸਭਾ ਦੇ ਆਗੂ ਚਰਨਜੀਤ ਸਿੰਘ ਦੌਲਤ ਪੁਰ,ਕੌਮੀ ਕਿਸਾਨ ਯੂਨੀਅਨ ਦੇ ਆਗੂ ਨਿਰਮਲ ਸਿੰਘ ਔਜਲਾ, ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਸ਼ਿਵ ਨੰਦਨ,ਕੰਢੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮਹਾਂ ਸਿੰਘ ਰੌੜੀ,ਪੇਂਡੂ ਮਜਦੂਰ ਯੂਨੀਅਨ ਦੇ ਜਿਲਾ ਆਗੂ ਹਰੀ ਰਾਮ ਰਸੂਲਪੁਰੀ ਅਤੇ ਢਾਡੀ ਗੁਰਦੀਪ ਸਿੰਘ ਉੜਾਪੜ ਨੇ ਸੰਬੋਧਨ ਕੀਤਾ।



ਆਗੂਆਂ ਨੇ ਕੁੱਝ ਧਿਰਾਂ ਵਲੋਂ ਸਿਰਜੇ ਜਾ ਰਹੇ ਪੰਜਾਬੀ ਬਨਾਮ ਪਰਵਾਸੀ ਬਿਰਤਾਂਤ ਦੀ ਨਿੰਦਾ ਕਰਦਿਆਂ ਲੋਕਾਂ ਨੂੰ ਨਫਰਤੀ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਹੈ। ਹੁਸ਼ਿਆਰਪੁਰ ਵਿਖੇ ਕਤਲ ਕੀਤੇ ਗਏ ਪੰਜ ਸਾਲਾ ਬਾਲਕ ਦੇ ਕਾਤਲ ਨੂੰ ਸਖਤ ਸਜਾ ਦੇਣ ਦੀ ਮੰਗ ਕਰਦਿਆਂ ਆਗੂਆਂ ਨੇ ਆਖਿਆ ਕਿ ਕੁਝ ਲੋਕ ਵਿਰੋਧੀ ਤਾਕਤਾਂ ਪੰਜਾਬ ਵਿਚ ਨਫਰਤ ਦੇ ਭਾਂਬੜ ਬਾਲਣ ਲਈ ਸਰਗਰਮ ਹਨ ਜਿਹਨਾਂ ਨੇ ਪਰਵਾਸੀਆਂ ਵਿਰੁੱਧ ਜ਼ਹਿਰ ਉਗਲਣਾ ਆਪਣਾ ਮਿਸ਼ਨ ਬਣਾ ਲਿਆ ਹੈ। ਅਜਿਹਾ ਕਰਕੇ ਉਹ ਪੰਜਾਬ ਤੋਂ ਬਾਹਰ ਰਹਿ ਰਹੇ ਸਿੱਖਾਂ ਅਤੇ ਦੂਸਰੇ ਪੰਜਾਬੀਆਂ ਲਈ ਕੰਡੇ ਬੀਜ ਰਹੇ ਹਨ। ਆਗੂਆਂ ਨੇ ਆਖਿਆ ਕਿ ਕਿਸੇ ਵੀ ਅਪਰਾਧੀ ਨੂੰ ਕੀਤੇ ਅਪਰਾਧ ਦੀ ਸਜਾ ਜਰੂਰ ਮਿਲਣੀ ਚਾਹੀਦੀ ਹੈ ਪਰ ਇਕ ਅਪਰਾਧੀ ਵਲੋਂ ਕੀਤੇ ਗਏ ਅਪਰਾਧ ਦੇ ਬਦਲੇ ਕਿਸੇ ਵੀ ਸਮੁੱਚੇ ਭਾਈਚਾਰੇ ਨੂੰ ਸਜਾ ਨਹੀਂ ਦਿੱਤੀ ਜਾ ਸਕਦੀ।ਉਹਨਾਂ ਕਿਹਾ ਕਿ ਪਰਵਾਸ ਹਮੇਸ਼ਾ ਘੱਟ ਖੁਸ਼ਹਾਲ ਸੂਬਿਆਂ ਅਤੇ ਦੇਸ਼ਾਂ ਵਿਚੋਂ ਵਧ ਵਿਕਸਤ ਅਤੇ ਖੁਸ਼ਹਾਲ ਸੂਬਿਆਂ ਅਤੇ ਦੇਸ਼ਾਂ ਵਲ ਹੁੰਦਾ ਹੈ।ਜਿਵੇਂ ਪੰਜਾਬ ਤੋਂ ਲੋਕ ਪਰਵਾਸ ਕਰਕੇ ਵੱਧ ਵਿਕਸਿਤ ਦੇਸ਼ਾਂ ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ ਵਲ ਜਾਂਦੇ ਹਨ ਇਸੇ ਤਰ੍ਹਾਂ ਬਿਹਾਰ, ਯੂ.ਪੀ,ਮੱਧ ਪ੍ਰਦੇਸ਼, ਉੜੀਸਾ ਆਦਿ ਸੂਬਿਆਂ ਤੋਂ ਲੋਕ ਪੰਜਾਬ ਵਲ ਪਰਵਾਸ ਕਰਦੇ ਹਨ।ਪਰਵਾਸ ਨੂੰ ਕਿਸੇ ਦੀ ਇੱਛਾ ਅਨੁਸਾਰ ਨਹੀਂ ਰੋਕਿਆ ਜਾ ਸਕਦਾ ,ਇਹ ਪੰਜਾਬੀਆਂ ਅਤੇ ਪਰਵਾਸੀਆਂ ਦੀਆਂ ਜਮੀਨੀ ਹਕੀਕਤ ਦੀਆਂ ਲੋੜਾਂ ਉੱਤੇ ਨਿਰਭਰ ਕਰਦਾ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਸਨਅਤੀ ਖੇਤਰ,ਖੇਤੀ ਖੇਤਰ, ਉਸਾਰੀ ਖੇਤਰ ਅਤੇ ਹੋਰ ਖੇਤਰਾਂ ਦੀ ਤਰੱਕੀ ਵਿਚ ਪਰਵਾਸੀਆਂ ਦੀ ਕਿਰਤ ਸ਼ਕਤੀ ਦਾ ਵੀ ਵੱਡਾ ਯੋਗਦਾਨ ਹੈ।ਪਰਵਾਸੀਆਂ ਤੋਂ ਬਗੈਰ ਪੰਜਾਬ ਦੀ ਆਰਥਿਕਤਾ ਲੰਗੜੀ ਹੋ ਜਾਵੇਗੀ। ਆਗੂਆਂ ਨੇ ਕਿਹਾ ਕਿ ਜਿਹੜੀਆਂ ਤਾਕਤਾਂ ਪਰਵਾਸੀਆਂ ਉੱਤੇ ਪੰਜਾਬੀ ਸੱਭਿਆਚਾਰ ਨੂੰ ਵਿਗਾੜਨ ਦੇ ਦੋਸ਼ ਲਾ ਰਹੀਆਂ ਹਨ ਉਹਨਾਂ ਨੂੰ ਸਮਝ ਲੈਣਾਂ ਚਾਹੀਦਾ ਹੈ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਪਰਵਾਸੀਆਂ ਦੀ ਨਵੀਂ ਪੀੜ੍ਹੀ ਦੀ ਰੂਹ ਨਾਲ ਇਕਮਿਕ ਹੋ ਚੁੱਕਾ ਹੈ ਅਤੇ ਉਨ੍ਹਾਂ ਦੇ ਲਹੂ ਵਿੱਚ ਰਚ ਚੁੱਕਾ ਹੈ। ਪੰਜਾਬ ਦੀ ਮਿੱਟੀ ਦੇ ਮੋਹ ਵਿਚ ਉਹ ਪੂਰੀ ਤਰ੍ਹਾਂ ਭਿੱਜ ਚੁੱਕੇ ਹਨ।ਉਹਨਾਂ ਕਿਹਾ ਕਿ ਪੰਚਾਇਤਾਂ ਵਲੋਂ ਪਰਵਾਸੀਆਂ ਦੇ ਪਛਾਣ ਪੱਤਰ ਲੈਣ ਅਤੇ ਉਹਨਾਂ ਦੀ ਵੈਰੀਫਿਕੇਸ਼ਨ ਕਰਾਉਣ ਉੱਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ ਪਰ ਉਹਨਾਂ ਨੂੰ ਆਪਣੇ ਕਾਰੋਬਾਰ ਕਰਨ,ਜਾਇਦਾਦ ਖ੍ਰੀਦਣ,ਵੋਟਾਂ ਅਤੇ ਅਧਾਰ ਕਾਰਡ ਬਣਾਉਣ ਦਾ ਅਧਿਕਾਰ ਉਹਨਾਂ ਦਾ ਸੰਵਿਧਾਨਕ ਹੱਕ ਹੈ ਜੋ ਬਰਕਰਾਰ ਰਹਿਣਾ ਚਾਹੀਦਾ ਹੈ।ਰੈਲੀ ਵਿਚ ਪਰਵਾਸੀਆਂ ਨੇ ਆਪਣੇ ਅਧਾਰ ਕਾਰਡ ਹੱਥਾਂ ਵਿਚ ਉੱਚੇ ਚੁੱਕਕੇ ਦਿਖਾਉਂਦਿਆਂ ਕਿਹਾ ਕਿ ਉਹ ਆਪਣੀ ਵੈਰੀਫਿਕੇਸ਼ਨ ਕਰਾਉਣ ਲਈ ਹਮੇਸ਼ਾ ਤਿਆਰ ਹਨ।ਕੁਝ ਪਰਵਾਸੀ ਬੱਚੀਆਂ ਨੇ ਪੰਜਾਬੀ ਦੇ ਧਾਰਮਿਕ ਅਤੇ ਦੇਸ਼ ਭਗਤੀ ਦੇ ਗੀਤ ਵੀ ਗਾਏ।

# ਸ਼ੇਖ਼ ਫ਼ਰੀਦ ਜੀ ਦਾ ਆਗਮਨ ਪੁਰਬ ਬਾਬਾ ਬੰਦਾ ਸਿੰਘ ਬਹਾਦਰ ਭਵਨ ਵਿਖੇ ਮਨਾਇਆ ਗਿਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ ਸ਼ੇਖ਼ ਫ਼ਰੀਦ ਜੀ ਦਾ ਆਗਮਨ ਪੁਰਬ ਪੂਰਨ ਸ਼ਰਧਾ, ਸਤਿਕਾਰ ਨਾਲ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਮੁੱਖ ਸਰਪ੍ਰਸਤ ਉੱਘੇ ਇਤਿਹਾਸਕਾਰ ਡਾ: ਸਵਰਾਜ ਸਿੰਘ, ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਗੁਰਿੰਦਰਜੀਤ ਕੌਰ ਖਹਿਰਾ ਅਤੇ ਅਵਰਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਇਸ ਸਮੇਂ ਡਾ: ਸਵਰਾਜ ਸਿੰਘ ਅਤੇ ਬਾਵਾ ਨੇ ਕਿਹਾ ਕਿ ਸ਼ੇਖ਼ ਫ਼ਰੀਦ



ਜੀ ਦੀ ਬਾਣੀ ਸਮੁੱਚੀ ਮਨੁੱਖਤਾ ਨੂੰ ਜ਼ਿੰਦਗੀ ਜਿਉਣ ਦਾ ਰਸਤਾ ਦਿਖਾਉਂਦੀ ਹੈ। ਉਹਨਾਂ ਕਿਹਾ ਕਿ ਜਿਸ ਮਨੁੱਖ ਵਿੱਚ ਨਿਮਰਤਾ, ਖਿਮਾ ਕਰਨਾ, ਜ਼ੁਬਾਨ ਦੀ ਮਿਠਾਸ ਹੈ, ਉਹੀ ਪਰਮਾਤਮਾ ਨੂੰ ਪਾਉਣ ਦੇ ਕਾਬਲ ਹੈ। ਉਹਨਾਂ ਕਿਹਾ ਕਿ ਫ਼ਰੀਦ ਜੀ ਨੇ ਰਸ-ਭਿੰਨੀ ਪੰਜਾਬੀ ਭਾਸ਼ਾ ਰਾਹੀਂ ਇਲਾਹੀ ਹੁਕਮਾਂ ਨੂੰ ਆਮ ਲੋਕਾਂ ਲਈ ਉਚਾਰਿਆ। ਉਹਨਾਂ ਦੱਸਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪ ਜੀ ਦੇ 112 ਸਲੋਕ ਹਨ। ਉਹਨਾਂ ਦੇ ਲਿਖੇ ਸ਼ਬਦਾਂ ਵਿੱਚੋਂ "ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥" ਜੋ ਨਿਮਰਤਾ, ਖਿਮਾ, ਸਾਦਗੀ ਸਬਰ ਸੰਤੋਖ ਦਾ ਪ੍ਰਤੀਕ ਹੈ।

## ਬੂਰੇ ਵਰਗੀ ਸ਼ੱਕਰ

ਦੂਏ ਤੀਏ ਦਿਨ ਤੁਰ ਜਾਨੈਂ ਵਾਂਢੇ ,
ਵੇ ਘਰ 'ਚ ਸੰਧੂਰੀ ਅੰਬੀਆਂ ।
ਤੂੰ ਰਹੇਂ ਗ਼ੈਰਾਂ ਦੇ ਮਾਂਜਦਾ ਭਾਂਡੇ ,
ਵੇ ਘਰ 'ਚ ਸੰਧੂਰੀ ਅੰਬੀਆਂ ।
ਤੇਰੀ ਮੱਤ ਨੂੰ ਭਲਾਂ ਕੀ ਹੋਇਆ ,
ਚੋਰੀ ਦੇ ਗੁੜ ਖਾਣ ਗਿੱਝ ਗਿਆ ;
ਜਿੱਥੇ ਜਾਨੈਂ ਉਹ ਕੜਬ ਦੇ ਟਾਂਡੇ ,
ਵੇ ਘਰ 'ਚ ਸੰਧੂਰੀ ਅੰਬੀਆਂ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਸਾਡੇ ਮੁਲਕ ਚ' ਇਹਨਾਂ ਨੂੰ #ਪ੍ਰਧਾਨ ਕਹਿੰਦੇ ਨੇ

ਜ਼ਿੰਦਗੀ ਦਾ ਕੋਈ ਨੀਂ ਤਜ਼ਰਬਾ ਹੁੰਦਾ,
ਸੁਣਿਆ ਸੁਣਾਇਆ ਜੋ ਗਿਆਨ ਵੰਡਦੇ।

ਠੱਗੀ ਠੋਰੀ ਦਾ ਨੀਂ ਮੌਕਾ ਹੱਥੋ ਖੁੰਝਣ ਦਿੰਦੇ,
ਗੁਰੂ ਘਰ ਵਿੱਚ ਚੌਲਾਂ ਦੇ ਕੜਾਹੇ ਕੱਢਦੇ।

ਸਟੇਜ ਤੇ ਜੇ ਬੋਲਣ ਦਾ ਮੌਕਾ ਮਿਲ ਜਾਏ,
ਖੋਹੇ ਬਿਨਾਂ ਹੱਥਾਂ ਚੋਂ ਨੀਂ ਮਾਈਕ ਛੱਡਦੇ।

ਬਹੂ ਕਿਸੇ ਦੀ ਜੇ ਗੁੱਸੇ ਹੋ ਕੇ ਪੇਕੇ ਤੁਰ ਜਾਏ,
ਜਾਂਦੇ ਪੰਚਾਇਤ ਨਾਲ ਥਾਰ ਵਾਂਗੂੰ ਵਾਟਾਂ ਵੱਢਦੇ।

ਘਰ ਕਿਸੇ ਜੇ ਪਤਾ ਲੱਗ ਜਾਏ ਕਲੇਸ਼ ਦਾ,
ਕੰਧ ਕਢਾਏ ਬਿਨਾਂ ਘਰ ਚੋਂ ਨੀਂ ਪੈਰ ਪੱਟਦੇ।

ਸਹੀ ਗਲਤ ਦਾ ਜਿੰਨਾਂ ਨੂੰ ਕੋਈ ਮਤਲਬ ਨਹੀਂ,
ਜਿਸ ਤੋਂ ਦੋ ਪੈੱਗ ਲਾ ਲਏ ਉਹਦੇ ਬਣ ਬਹਿੰਦੇ ਨੇ।
ਸਾਡੇ ਮੁਲਕ ਚ' ਇਹਨਾਂ ਨੂੰ #ਪ੍ਰਧਾਨ ਕਹਿੰਦੇ ਨੇ।



**ਬੂਟਾ ਸਿੰਘ ਭਦੌੜ**

## ਮਾਂ ਬੋਲੀ ਪੰਜਾਬੀ

ਮਾਂ ਬੋਲੀ ਪੰਜਾਬੀ ਸਾਨੂੰ ਜਾਨੋਂ ਵੱਧ ਪਿਆਰੀ ਹੈ।
ਇਹਦੇ ਜਿਹੀ ਨਾ ਹੋਰ ਕੋਈ ਰਾਜ - ਦੁਲਾਰੀ ਹੈ।
ਬੁੱਲ੍ਹੇ, ਵਾਰਿਸ, ਪੀਲੂ ਜਿਹੇ ਸ਼ਾਇਰਾਂ ਲਾਡ ਲਡਾਇਆ ਹੈ।
ਗੁਰੂਆਂ, ਭਗਤਾਂ, ਫਕੀਰਾਂ ਨੇ ਸ਼ਲੋਕਾਂ ਵਿਚ ਗਾਇਆ ਹੈ।
ਏਸੇ ਕਰਕੇ ਮਾਂ ਬੋਲੀ ਸਭ ਤਾਈਂ ਲੱਗਦੀ ਪਿਆਰੀ ਹੈ।...॥

ਮਾਖਿਓਂ ਮਿੱਠੀ ਬੋਲੀ ਵਿਚ ਭੈਣਾਂ ਘੋੜੀਆਂ ਗਾਈਆਂ ਨੇ।
ਭਾਈ ਦੇ ਸਿਰ ਸੇਹਰਾ ਬੰਨ੍ਹ ਵਾਗਾਂ ਹੱਥ ਫੜਾਈਆਂ ਨੇ।
ਜੰਞ ਚੜ੍ਹਨ 'ਤੇ ਚਾਚੀ,ਤਾਈ,ਮਾਮੀ,ਭੂਆ ਨੇ ਗਿੱਧੇ 'ਚ ਉਚਾਰੀ ਹੈ।...॥

ਤੋਤਲੀ ਬੋਲੀ ' ਚ ਬੱਚੇ ਬੋਲਦੇ ਪਿਆਰੇ ਲੱਗਦੇ ਨੇ।
ਰਾਜੇ ਰਾਣੀ ਦੀਆਂ ਸੁਣ ਬਾਤਾਂ ਦੇ ਹੁੰਗਾਰੇ ਭਰਦੇ ਨੇ।
ਧਾਰਮਿਕ ਗ੍ਰੰਥਾਂ,ਕਿੱਸੇ,ਲਿਖਤਾਂ 'ਚ ਏਹ ਗਈ ਸਤਿਕਾਰੀ ਹੈ।...॥

ਬਾਬੇ ਨਾਨਕ ਨੇ ਮਾਂ ਬੋਲੀ 'ਚ ਸੰਵਾਦ ਰਚਾਇਆ ਹੈ।
ਜੀਵਨ ਜਾਚ ਦਾ ਜੱਗ ਨੂੰ ਅਸਲੀ ਰਾਹ ਵਿਖਾਇਆ ਹੈ।
ਮਾਖਿਓਂ ਮਿੱਠੇ ਬੋਲਾਂ ਵਿਚ ਗੁਰੂਆਂ ਨੇ ਬਾਣੀ ਉਚਾਰੀ ਹੈ।...॥

ਠੇਠ ਪੰਜਾਬੀ ਭਾਸ਼ਾ ਦੀ ਹਰੇਕ ਗੱਲ ਨਿਆਰੀ ਹੈ।
ਹੀਰ ਰਾਂਝੇ-ਸੱਸੀ ਪੁੰਨੂੰ ਦੇ ਕਿੱਸਿਆਂ 'ਚ ਸ਼ਿੰਗਾਰੀ ਹੈ।
ਜਨਮ ਤੋਂ ਮਰਨ ਤੱਕ ਪ੍ਰਾਣੀ ਕਰਦਾ ਵਰਤੋਂ ਭਾਰੀ ਹੈ।...॥

ਹੋਰ ਭਾਸ਼ਾਵਾਂ ਵੀ ਬਰਾਬਰ ਸਿਖਦੇ ਜਾਈਏ ਜੀ।
ਮਾਂ ਬੋਲੀ ਨੂੰ ਪਹਿਲ ਦੇ, ਕਦੇ ਨਾ ਮਨੋ ਭੁਲਾਈਏ ਜੀ।
ਲਿਖ ਲਿਖ ਪਰਾਗੇ ਮਾਂ ਬੋਲੀ ਦੇ ਵਿਹੜੇ ਵਿਚ ਉੱਤਾਰੀ ਹੈ।
ਮਾਂ ਬੋਲੀ ਸਾਨੂੰ ਸਦਾ ਹੀ ਲੱਗਦੀ ਬਹੁਤ ਪਿਆਰੀ ਹੈ।...॥

ਇਨਾਂ ਅੱਖਰਾਂ ਸਾਹਾਰੇ ਹੀ 'ਆਜ਼ਾਦ' ਬਾਜ਼ੀ ਮਾਰ ਗਿਆ।
ਲਿਖ ਲਿਖ ਮਰਸੀਏ ਮਾਂ ਬੋਲੀ ਦਾ ਕਰਜ਼ ਉਤਾਰ ਰਿਹਾ।
ਮਾਂ ਬੋਲੀ 'ਚ ਕਰ ਪੜਾਈ ਆਪਣੀ ਜ਼ਿੰਦਗੀ ਸੰਵਾਰੀ ਹੈ।...॥
ਮਾਂ ਬੋਲੀ ਪੰਜਾਬੀ ਲੱਗਦੀ ਜਾਨੋ ਵੱਧ ਪਿਆਰੀ ਹੈ।...॥



**ਰਣਜੀਤ ਆਜ਼ਾਦ ਕਾਂਝਲਾ**
(09464697781)

## ਜੇਲ੍ਹ ਦੇ ਵਿੱਚ...

ਗੱਲਾਂ ਕਿਹੋ ਜਿਹੀਆਂ ਹੋ ਜਾਂਦੀਆਂ ਨੇ
ਪਤਾ ਲੱਗਦਾ ਨਹੀਂ ਖੇਲ ਖੇਲ ਦੇ ਵਿੱਚ

ਗਰੀਬ ਟੇਕਦਾ ਮੱਥੇ ਰਹਿ ਹੈ ਜਾਂਦਾ
ਉੱਚਿਆਂ ਦੇ ਹੁੰਦੇ ਮਿਲਾਪ ਮੇਲ ਦੇ ਵਿੱਚ

ਪਹਿਲਾਂ ਜਿਹੜਾ ਸੀ ਮੰਨਿਆ ਸ਼ੁੱਧ ਜਾਂਦਾ
ਮਿਲਾਵਟ ਹੋ ਗਈ ਸਰੋਂ ਵਾਲੇ ਤੇਲ ਦੇ ਵਿੱਚ

ਲਾਲਚ ਵਿੱਚ ਬੰਦਾ ਹੈ ਫਸ ਜਾਂਦਾ
ਉੱਝ ਮਾਲ ਮਿਲਦਾ ਮਾੜਾ ਸੇਲ ਦੇ ਵਿੱਚ

ਜਿਹੜਾ ਗਿੱਝ ਗਿਆ ਉਹ ਨਹੀਂ ਹਟ ਸਕਦਾ
ਸਫ਼ਰ ਕਰੂ ਸਦਾ ਹੀ ਉਹ ਰੇਲ ਦੇ ਵਿੱਚ

ਜ਼ਮਾਨਤ ਬਹੁਤਿਆਂ ਨੂੰ ਇੱਥੇ ਨਹੀਂ ਮਿਲਦੀ
ਉਲਝਦੇ ਫਿਰਦੇ ਨੇ ਕਈ ਵੇਲ ਦੇ ਵਿੱਚ

ਹੁਸ਼ਿਆਰ ਬੱਚੇ ਪਾਸ ਹੋ ਕੇ ਖੁਸ਼ ਹੁੰਦੇ
ਨਜ਼ਾਰਾ ਆਉਂਦਾ ਕਈਆਂ ਨੂੰ ਫੇਲ ਦੇ ਵਿੱਚ

ਸੁਆਮੀ ਮਿਲਿਆ ਆਪਣੇ ਜਵਾਈ ਭਾਈ ਨੂੰ
'ਬੱਬੀ' ਮਿਲ ਗਿਆ ਚੇਲਿਆਂ ਨੂੰ ਜੇਲ ਦੇ ਵਿੱਚ



**ਬਲਬੀਰ ਸਿੰਘ ਬੱਬੀ**



# ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ- 1, ਵਿਖੇ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਮੈਡੀਕਲ ਕੈਂਪ : ਕੁਲਵਿੰਦਰ ਸਿੰਘ ਬੈਨੀਪਾਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਤਾਬਦੀ ਨੂੰ ਸਮਰਪਿਤ ਮੁਫ਼ਤ ਮੈਡੀਕਲ ਕੈਂਪ ਅੱਜ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਹੌਲੀ ਹੈਰਬਸ ਆਯੁਰਵੈਦਿਕ ਕਲੀਨਿਕ ਦੇ ਸਹਿਯੋਗ ਸਦਕਾ ਲਗਾਇਆ ਗਿਆ। ਹੋਲੀ ਹੈਰਬਸ ਆਯੁਰਵੈਦਾਂ ਕਲੀਨਿਕ ਦੇ ਡਾਕਟਰ ਗੁਰਲੀਨ ਕੌਰ ਹੋਰਾਂ ਨੇ ਦੱਸਿਆ ਕਿ ਇਹ ਮੈਡੀਕਲ ਕੈਂਪ ਸ਼ਾਮ 5 ਵਜੇ ਤੋਂ ਲੈ ਕੇ ਦੇਰ ਰਾਤ 9 ਵਜੇ ਤੱਕ ਚੱਲਿਆ, ਜਿਸ ਵਿੱਚ



ਸੰਗਤਾਂ ਵੱਲੋਂ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਜਿਸ ਵਿੱਚ ਬਲੱਡ ਟੈਸਟ ਮੈਕਸ ਲੈਬ ਵੱਲੋਂ ਫ੍ਰੀ ਚੈੱਕ ਕੀਤੇ ਗਏ । ਯੂਰਿਕ ਐਸਿਡ, ਬੈਕ ਪੇਨ ਦਾ ਦਰਦ, ਸਰਵਾਈਕਲ ਦਾ ਦਰਦ, ਸ਼ੂਗਰ ਅਤੇ ਸਿਰ ਦਰਦ, ਮਾਨਸਿਕ ਤਣਾਅ, ਡਿਪਰੈਸਨ, ਨੀਂਦ ਨਾ ਆਉਣਾ, ਵਹਿਮ ਕਰਨਾ, ਉਦਾਸ ਰਹਿਣਾ, ਵਰਗੀਆਂ ਬਿਮਾਰੀਆਂ ਦੇ ਟੈਸਟ ਵੀ ਫ੍ਰੀ ਕੀਤੇ ਗਏ । ਸੰਗਤਾਂ ਨੂੰ ਆਯੁਰਵੈਦਿਕ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ। ਡਾਕਟਰ ਸਾਹਿਬ ਅਤੇ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ



ਬੈਨੀਪਾਲ ਨੇ ਦੱਸਿਆ ਕਿ ਇਹੋ ਜਿਹੇ ਫ੍ਰੀ ਮੈਡੀਕਲ ਕੈਂਪ ਗੁਰਦੁਆਰਾ ਸਾਹਿਬ ਵਿੱਚ ਸਮੇਂ-ਸਮੇਂ ਸਿਰ ਲੱਗਦੇ ਰਹਿਣੇ ਚਾਹੀਦੇ ਹਨ ਤਾਂ ਕਿ ਸੰਗਤਾਂ ਨੂੰ ਇਹਨਾਂ ਦਾ ਲਾਭ ਮਿਲ ਸਕੇ। ਸੰਗਤਾਂ ਵਾਸਤੇ ਲੰਗਰ ਪਾਣੀ ਦਾ ਇੰਤਜ਼ਾਮ ਵੀ ਕੀਤਾ ਗਿਆ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਮੈਡੀਕਲ ਕੈਂਪ ਵਿੱਚ ਚੈੱਕਅੱਪ ਕਰਵਾਇਆ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਜਲਦੀ ਹੀ ਇਹੋ ਜਿਹੇ ਕੈਂਪ ਫੇਰ ਲਾਏ ਜਾਣਗੇ। ਕੈਂਪ ਵਿੱਚ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ, ਚੇਅਰਮੈਨ ਬਲਜੀਤ ਸਿੰਘ ਸੇਠੀ, ਸੀਨੀਅਰ ਮੈਂਬਰ ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਭਾਈ ਮਨਜੀਤ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚੱਗਰ, ਡਾਕਟਰ ਪ੍ਰੇਮ ਸਿੰਘ ਚਾਵਲਾ, ਯਸ਼ਪਾਲ ਸਿੰਘ, ਗੁਰਦੀਪ ਸਿੰਘ ਕਾਲੜਾ, ਜਤਿੰਦਰ ਸਿੰਘ, ਬਲਬੀਰ ਸਿੰਘ, ਐਡਵੋਕੇਟ ਰਾਜਿੰਦਰ ਸਿੰਘ ਭਾਟੀਆ, ਮਲਕੀਤ ਸਿੰਘ, ਵਰਿੰਦਰਮੋਹਨ ਸਿੰਘ, ਪ੍ਰੀਤਪਾਲ ਸਿੰਘ ਸ਼ਾਮਲ ਸਨ ।

# ਐਸ.ਡੀ.ਐਮ ਨੇ ਨਸਰਾਲਾ ਅਨਾਜ ਮੰਡੀ 'ਚ ਝੋਨੇ ਦੇ ਖ਼ਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਐਸ.ਡੀ.ਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਨੇ ਅੱਜ ਨਸਰਾਲਾ ਅਨਾਜ ਮੰਡੀ ਦਾ ਦੌਰਾ ਕੀਤਾ ਅਤੇ ਉੱਥੇ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਨਿਰੀਖਣ ਦੌਰਾਨ ਐਸ.ਡੀ.ਐਮ ਨੇ ਮੰਡੀ ਵਿੱਚ ਝੋਨੇ ਦੀ ਆਮਦ, ਖ਼ਰੀਦ ਪ੍ਰਬੰਧਾਂ ਅਤੇ ਮਜ਼ਦੂਰਾਂ ਲਈ ਸਹੂਲਤਾਂ ਦਾ ਬਾਰੀਕੀ ਨਾਲ ਨਿਰੀਖਣ ਕੀਤਾ। ਉਨ੍ਹਾਂ ਨੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਖਾਣੇ ਦੇ ਪ੍ਰਬੰਧਾਂ ਬਾਰੇ ਪੁੱਛਿਆ। ਉਨ੍ਹਾਂ ਦੱਸਿਆ ਕਿ ਸਾਰੇ ਮਜ਼ਦੂਰਾਂ ਕੋਲ ਆਧਾਰ ਕਾਰਡ ਹਨ। ਉਨ੍ਹਾਂ ਦੱਸਿਆ ਕਿ ਮੰਡੀ ਵਿਚ ਝੋਨੇ ਦੀ ਨਮੀ ਦੀ ਮਾਤਰਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸਾਨ ਨਿਰਧਾਰਤ ਮਾਪਦੰਡਾਂ ਅਨੁਸਾਰ ਸਿਰਫ਼ 17 ਫੀਸਦੀ ਤੋਂ ਘੱਟ ਨਮੀ ਵਾਲੀ ਫ਼ਸਲ ਹੀ ਲਿਆ ਰਹੇ ਹਨ। ਇਸ ਨਾਲ ਪਾਰਦਰਸ਼ੀ ਅਤੇ ਸੁਚਾਰੂ ਖ਼ਰੀਦ ਪ੍ਰਕਿਰਿਆ ਨੂੰ ਯਕੀਨੀ ਬਣਾਉਂਦਾ ਹੈ। ਐਸ.ਡੀ.ਐਮ ਨੇ ਮੰਡੀ ਵਿੱਚ ਖਰੀਦ ਏਜੰਸੀਆਂ ਅਤੇ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅਧਿਕਾਰੀਆਂ ਨੂੰ ਮੰਡੀਆਂ ਵਿੱਚ ਸਫ਼ਾਈ, ਪੀਣ ਵਾਲੇ ਪਾਣੀ, ਪਖਾਨੇ ਅਤੇ ਹੋਰ ਬੁਨਿਆਦੀ ਸਹੂਲਤਾਂ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਖ਼ਰੀਦ ਲਈ ਸਰਕਾਰ ਦੁਆਰਾ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਕਰਨ ਅਤੇ ਨਿਰਧਾਰਤ ਨਮੀ ਵਾਲੀ ਮਾਤਰਾ ਵਾਲਾ ਝੋਨਾ ਲਿਆਉਣ, ਤਾਂ ਜੋ ਖਰੀਦ ਪ੍ਰਕਿਰਿਆ ਵਿੱਚ ਕੋਈ ਦੇਰੀ ਜਾਂ ਸਮੱਸਿਆ ਨਾ ਆਵੇ।

# ਪਰਾਲੀ ਨੂੰ ਅੱਗ ਲਾਉਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਨੂੰ ਨੁਕਸਾਨ: ਡਿਪਟੀ ਕਮਿਸ਼ਨਰ

### ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਲੋੜੀਂਦੀਂ ਗਿਣਤੀ ’ਚ ਮਸ਼ੀਨਰੀ ਉਪਲਬਧ
### ਕਿਸਾਨ ਆਪਣੇ ਇਲਾਕਿਆਂ ’ਚ ਖੇਤੀਬਾੜੀ ਅਧਿਕਾਰੀਆਂ ਨਾਲ ਕਰ ਸਕਦੇ ਨੇ ਸੰਪਰਕ

**ਸ਼ਹੀਦ ਭਗਤ ਸਿੰਘ ਨਗਰ, (ਜਤਿੰਦਰ ਪਾਲ ਸਿੰਘ ਕਲੇਰ )** ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਡਿਪਟੀ ਕਮਿਸ਼ਨਰ ਅਮਕੁਰਜੀਤ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਜਾਗਰੂਕਤਾ ਮੁਹਿੰਮ ਤਹਿਤ ਵੱਖ-ਵੱਖ ਸਬੰਧਤ ਵਿਭਾਗਾਂ ਦੀਆਂ ਟੀਮਾਂ ਵੱਲੋਂ ਲਗਾਤਾਰ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਤਾਂ ਜੋ ਪਰਾਲੀ ਦਾ ਖੇਤਾਂ ਵਿੱਚ ਸੁਚੱਜਾ ਪ੍ਰਬੰਧਨ ਯਕੀਨੀ ਬਣਾਇਆ ਜਾ ਸਕੇ । ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਜ਼ਿਲ੍ਹੇ ਵਿੱਚ ਪਰਾਲੀ ਦੀ ਸਾਂਭ ਸੰਭਾਲ ਸਬੰਧੀ ਵੱਖ-ਵੱਖ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿਲ੍ਹੇ ਵਿੱਚ 120 ਤੋਂ ਵੱਧ ਬੇਲਰ ਮਸੀਨਾਂ ’ਤੇ ਸਬਸੀਡੀ ਮੁਹਈਆ ਕਰਵਾਈ ਗਈ ਹੈ, ਜਿਨ੍ਹਾਂ ਵਿੱਚੋਂ ਪਿਛਲੇ ਸਾਲ 2024-25 ਦੌਰਾਨ ਹੀ 294 ਮਸ਼ੀਨਾਂ ਪਰਾਲੀ ਦੀ ਸਾਂਭ ਸੰਭਾਲ ਲਈ ਸਬਸਿਡੀ ’ਤੇ ਮੁਹਈਆ ਕਰਵਾਈਆਂ ਗਈਆਂ ਸਨ ।

ਉਨ੍ਹਾਂ ਦੱਸਿਆ ਕਿ ਚਾਲੂ ਸਾਲ 2025-26 ਦੌਰਾਨ ਜਿਲ੍ਹੇ ਵਿੱਚ ਤਕਰੀਬਨ 2600 ਤੋਂ ਵੱਧ ਮਸ਼ੀਨਾਂ ਪਰਾਲੀ ਦੀ ਸਾਂਭ ਸੰਭਾਲ ਲਈ ਉਪਲਬਧ ਹਨ। ਉਨ੍ਹਾਂ ਨੇ ਇਸ ਰੁਝਾਨ ਨਾਲ ਹੁੰਦੇ ਨੁਕਸਾਨ ਬਾਰੇ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਦੂਸ਼ਿਤ ਹੁੰਦਾ ਹੈ ਉਸ ਦੇ ਨਾਲ ਹੀ ਜਮੀਨ ਦਾ ਬੰਜਰ ਹੋਣ ਦਾ ਵੀ ਖਦਸ਼ਾ ਬਣਿਆ ਰਹਿੰਦਾ ਹੈ।ਉਨ੍ਹਾਂ ਕਿਹਾ ਕਿ



**ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਪਰਾਲੀ ਦੇ ਸੁਚੱਜੇ ਪ੍ਰਬੰਧਨ ਬਾਰੇ ਜਾਣਕਾਰੀ ਦਿੰਦੇ ਹੋਏ ।**

ਪਰਾਲੀ ਦੇ ਹਾਨੀਕਾਰਕ ਧੂਏਂ ਦੀ ਚਪੇਟ ਵਿੱਚ ਨਵਜੰਮੇ ਬੱਚੇ ਅਤੇ ਬਜ਼ੁਰਗਾਂ ਸਮੇਤ ਸਾਹ ਦੀ ਬਿਮਾਰੀ ਵਾਲੇ ਸਾਰੇ ਮਰੀਜ਼ ਆ ਜਾਂਦੇ ਹਨ ਜਿਸ ਨਾਲ ਉਨ੍ਹਾਂ ਨੂੰ ਕਾਫੀ ਗੰਭੀਰ ਸਮੱਸਿਆ ਆ ਰਹੀ ਹੈ। ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕੋਈ ਵੀ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਵੇ ਅਤੇ ਉਪਲਬਧ ਮਸ਼ੀਨਰੀ ਦੀ ਵਰਤੋਂ ਕਰਕੇ ਇਸ ਦੀ ਸਾਂਭ ਸੰਭਾਲ ਕਰੇ ਤਾਂ ਜੋ ਕਿ ਆਪਣੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਰੋਕਿਆ ਜਾ ਸਕੇ।

ਇਸ ਸਬੰਧ ਵਿੱਚ ਜਾਣਕਾਰੀ ਦਿੰਦੇਆਂ ਮੁੱਖ ਖੇਤੀਬਾੜੀ ਅਫਸਰ ਡਾ. ਰਕੇਸ਼ ਕੁਮਾਰ ਸ਼ਰਮਾ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਕਿਸਾਨਾਂ ਨੂੰ ਇਸ ਸਬੰਧੀ ਜਾਗਰੂਕ ਕਰਨ ਲਈ ਕਿਸਾਨ ਸਿਖਲਾਈ ਕੈਂਪਾਂ, ਵੈਨ ਕੈਂਪੇਨ, ਵਾਲ ਪੇਂਟਿੰਗਾਂ ਅਤ ਸਕੂਲ ਮੁਕਾਬਲੇ ਆਦਿ ਦੇ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਵੱਲੋਂ ਇਹ ਵੀ ਜਾਣਕਾਰੀ ਦਿੱਤੀ ਗਈ ਕਿ ਜਿਲੇ ਵਿੱਚ ਪਰਾਲੀ ਦੀ ਸਾਂਭ ਸੰਭਾਲ ਲਈ ਵਾਧੂ ਮਸ਼ੀਨਰੀ ਉਪਲਬਧ ਹੈ ਅਤੇ ਇਸ ਮਸ਼ੀਨਰੀ ਦੇ ਨਾਲ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਬੜੇ ਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ।

ਮੁੱਖ ਖੇਤੀਬਾੜੀ ਅਫਸਰ ਨੇ ਅਪੀਲ ਕੀਤੀ ਕਿ ਸਾਰੇ ਕਿਸਾਨ, ਜਿਨ੍ਹਾਂ ਕੋਲ ਮਸ਼ੀਨਾਂ ਉਪਲਬਧ ਹਨ, ਉਹ ਆਪਣੀ ਮਸ਼ੀਨਾਂ ਦਾ ਪੂਰਾ ਇਸਤੇਮਾਲ ਕਰਨ ਅਤੇ ਜਿਹੜੇ ਕਿਸਾਨਾਂ ਕੋਲ ਮਸ਼ੀਨਾਂ ਉਪਲਬਧ ਨਹੀਂ ਹਨ ਉਹ ਆਪਣੇ ਪਿੰਡ ਦੀ ਸਹਿਕਾਰੀ ਸਭਾ ਜਾਂ ਸਬੰਧਤ ਬਲਾਕ ਖੇਤੀਬਾੜੀ ਅਫਸਰ ਨਾਲ ਸੰਪਰਕ ਕਰਕੇ ਮਸ਼ੀਨਰੀ ਕਿਰਾਏ ਤੇ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਪਲਬਧ ਮਸ਼ੀਨਾਂ ਦੀ ਜਾਣਕਾਰੀ ਲਈ ਬਲਾਕ ਨਵਾਂਸ਼ਹਿਰ ਦੇ ਕਿਸਾਨ ਡਾ. ਕੁਲਦੀਪ ਸਿੰਘ (ਮੋਬ. ਨੰ. 98881-35451), ਬਲਾਕ ਔੜ ਦੇ ਕਿਸਾਨ ਡਾ. ਲੇਖ ਰਾਜ (ਮੋਬ. ਨੰ. 88720-53157),ਬਲਾਕ ਬਲਾਚੌਰ ਦੇ ਕਿਸਾਨ ਡਾ. ਸੁਰਿੰਦਰ ਕੁਮਾਰ(ਮੋਬ. ਨੰ.98144-71972),ਬਲਾਕ ਸੜੋਆ ਡਾ. ਨੀਤਨ (ਮੋਬ. ਨੰ.88720-06796),ਬਲਾਕ ਬੰਗਾ ਦੇ ਕਿਸਾਨ ਡਾ. ਲਛਮਣ ਦਾਸ (ਮੋਬ. ਨੰ.88720-53165) ਨਾਲ ਸੰਪਰਕ ਕਰ ਸਕਦੇ ਹਨ।

# ਪੀ.ਏ.ਯੂ. ਲੁਧਿਆਣੇ ਦਾ ਕਿਸਾਨ ਮੇਲਾ 26 ਅਤੇ 27 ਸਤੰਬਰ ਨੂੰ ਇਸ ਮੌਕੇ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ: ਬਰਾੜ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਿਸਾਨ ਮੇਲੇ ਕਿਸਾਨਾਂ ਤੱਕ ਖੇਤੀ ਗਿਆਨ-ਵਿਗਿਆਨ ਅਤੇ ਸ਼ੁੱਧ ਬੀਜ ਪਹੁੰਚਾਉਣ ਲਈ ਇੱਕ ਵਧੀਆ ਜ਼ਰੀਆ ਹਨ ਇਹਨਾਂ ਮੇਲਿਆਂ ਰਾਹੀਂ ਕਿਸਾਨਾਂ ਦੀ ਰਾਏ ਤੇ ਪਿਛਲੀ ਖੋਜ ਦਾ ਮੂਲਅੰਕਣ ਵੀ ਹੁੰਦਾ ਹੈ ਅਤੇ ਵਿਗਿਆਨੀਆਂ ਨੂੰ ਸੇਧ ਮਿਲਦੀ ਹੈ ਤੇ ਨਵੀਆਂ ਖੇਤੀ ਤਕਨੀਕਾਂ ਵਿਧੀਆਂ ਦਾ ਪ੍ਰਦਰਸ਼ਨ ਵੀ ਇਹਨਾਂ ਮੇਲਿਆਂ ਦੌਰਾਨ ਹੀ ਕੀਤਾ ਜਾਂਦਾ ਹੈ । ਇਸੇ ਮਕਸਦ ਨੂੰ ਲੈ ਕੇ ਪੀ.ਏ.ਯੂ. ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 26 ਅਤੇ 27 ਸਤੰਬਰ ਨੂੰ ਲੱਗ ਰਿਹਾ ਹੈ । ਹਾੜੀ ਦੇ ਮੌਸਮ ਦੌਰਾਨ ਪੰਜਾਬ ਵਿੱਚ ਕਣਕ ਅਨਾਜ ਦੀ ਮੁੱਖ ਫਸਲ ਹੈ ਇਸ ਦੀ ਬਿਜਾਈ ਝੋਨੇ ਤੋਂ ਬਾਅਦ ਵੱਡੇ ਪੱਧਰ ਤੇ ਕੀਤੀ ਜਾਂਦੀ ਹੈ ਕਣਕ ਸਰਦੀ ਰੁੱਤ ਦੀ ਫਸਲ ਹੈ । ਸ਼ੁਰੂ ਵਿੱਚ ਕਣਕ ਨੂੰ ਠੰਡ ਦੀ ਲੋੜ ਹੁੰਦੀ ਹੈ । ਕਣਕ ਦੀ ਫਸਲ ਕਲਰ ਅਤੇ ਸੇਮ ਵਾਲੀਆਂ ਜ਼ਮੀਨਾਂ ਤੋਂ ਬਿਨਾਂ ਕਣਕ ਸਾਰੀਆਂ ਜਮੀਨ ਵਿੱਚ ਪੈਦਾ ਕੀਤੀ ਜਾ ਸਕਦੀ ਹੈ । ਇਹ ਪ੍ਰਗਟਾਵਾ ਫਿਰੋਜ਼ਪੁਰ ਰੋਡ ਸਥਿਤ ਬਰਾੜ ਐਗਰੀਕਲਚਰ ਫਾਰਮ ਦੇ ਐਮ.ਡੀ. ਹਰਵਿੰਦਰ ਸਿੰਘ ਬਰਾੜ ਨੇ ਕੀਤਾ । ਉਹਨਾਂ ਦੱਸਿਆ ਕਿ ਇਸ ਮੇਲੇ ਵਿੱਚ ਕਣਕ ਦੀਆਂ ਨਵੀਆਂ ਕਿਸਮਾਂ ਦੀ ਜਾਣਕਾਰੀ ਦਿੱਤੀ ਜਾਵੇਗੀ ਜਿਨਾਂ ਵਿੱਚੋਂ ਮੁੱਖ ਤੌਰ ਤੇ ਆਈ ਏ ਆਰ ਆਈ ਦਿੱਲੀ ਵੱਲੋਂ ਪਾਸ ਕਣਕ ਦੀ ਨਵੀਂ ਕਿਸਮ ਐਚਡੀ 3386 ਹੈ



। ਇਸ ਦੀ ਬਿਜਾਈ ਦਾ ਸਮਾਂ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਹੈ । ਇਸ ਦਾ ਔਸਤਨ ਕਦ 100 ਸੈਂ.ਮੀ ਤੱਕ ਹੁੰਦਾ ਹੈ । ਇਹ ਕਿਸਮ 140 ਤੋਂ 145 ਦਿਨ ਵਿੱਚ ਪੱਕਦੀ ਹੈ । ਇਸ ਕਿਸਮ ਦਾ ਫੁਟਾਰਾ ਬਹੁਤ ਜ਼ਿਆਦਾ ਹੁੰਦਾ ਹੈ । ਇਹ ਕਿਸਮ ਪੀਲੀ ਕੁੰਗੀ ਤੇ ਭੂਰੀ ਕੁੰਗੀ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ । ਇਸ ਕਿਸਮ ਦਾ ਝਾੜ ਹੁਣ ਤੱਕ ਆਈਆਂ ਕਿਸਮਾਂ ਨਾਲੋਂ ਵੱਧ ਨਿਕਲਿਆ ਹੈ । ਇਹ ਕਿਸਮ ਡਿਗਦੀ ਨਹੀਂ ਹੈ । ਇਸ ਦੇ ਦਾਣੇ ਮੋਟੇ ਤੇ ਚਮਕਦਾਰ ਹੁੰਦੇ ਹਨ ਅਤੇ ਇਹ ਪੌਸਟਿਕ ਤੱਤਾਂ ਨਾਲ ਭਰਪੂਰ ਹੈ ਤੇ ਖਾਣ ਲਈ ਬਹੁਤ ਸਵਾਦੀ ਹੁੰਦੀ ਹੈ। ਇਸ ਕਿਸਮ ਨੂੰ ਪੰਜਾਬ, ਹਰਿਆਣਾ, ਯੂ.ਪੀ. ਆਦਿ ਰਾਜਾਂ ਵਿੱਚ ਬੀਜਣ ਦੀ ਸਿਫਾਰਿਸ਼ ਕੀਤੀ ਗਈ ਹੈ। ਉਹਨਾਂ ਨੇ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀ ਲਾਹੇਵੰਦ ਕਿਸਮ ਪੀ.ਏ.ਯੂ. ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੀ ਨਵੀਂ ਕਿਸਮ ਪੀ ਬੀ ਡਬਲਿਊ 872 ਹੈ (ਜਾਣਕਾਰੀ ਹਿਤ) ਇਸ ਦਾ ਕੱਦ 100 ਸੈਂ. ਮੀ ਤੱਕ ਹੁੰਦਾ ਹੈ । ਇਹ ਕਿਸਮ ਤਕਰੀਬਨ 152 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ ਇਸ ਕਿਸਮ ਦਾ ਝਾੜ 24 ਕੁਇੰਟਲ ਪ੍ਰਤੀ ਏਕੜ ਤੱਕ ਨਿਕਲ ਸਕਦਾ ਹੈ । ਇਹ ਕਿਸਮ ਗਰਮੀ ਦੇ ਤਾਪਮਾਨ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਭੂਰੀ ਤੇ ਪੀਲੀ ਕੁੰਗੀ ਦਾ ਟਾਕਰਾ ਕਰ ਸਕਦੀ ਹੈ। ਇਸ ਦਾ ਨਾੜ ਮੋਟਾ ਹੋਣ ਕਰਕੇ ਇਹ ਕਿਸਮ ਡਿੱਗਦੀ ਨਹੀਂ ਇਸ ਕਿਸਮ ਦੇ ਦਾਣੇ ਚਮਕੀਲੇ ਅਤੇ ਮੋਟੇ ਹੁੰਦੇ ਹਨ ਇਹ ਕਿਸਮ ਅਗੇਤੀ ਅਤੇ ਪਿਛੇਤੀ ਕਿਸਮ ਹੈ ਇਸ ਦੀ ਬਿਜਾਈ 25 ਅਕਤੂਬਰ ਤੋਂ ਲੈ ਕੇ 31 ਦਸੰਬਰ ਤੱਕ ਕੀਤੀ ਜਾ ਸਕਦੀ ਹੈ।

ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਕਣਕ ਦੀਆਂ ਹੋਰ ਕਿਸਮਾਂ ਡੀ ਬੀ ਡਬਲਊ 327, ਡੀ ਬੀ ਡਬਲਊ 371, 372 , ਡੀ ਬੀ ਡਬਲਊ 222, ਡੀ ਬੀ ਡਬਲਊ 187, ਐਚਡੀ 3086 ਵੀ ਕਿਸਮਾਂ ਵਧੇਰੇ ਲਾਹੇਵੰਦ ਹਨ ਉਹਨਾਂ ਦੱਸਿਆ ਕਿ ਚਾਰੇ ਦੀਆਂ ਕਿਸਮਾਂ ਦੀ ਬਿਜਾਈ ਦਾ ਢੁਕਵਾਂ ਸਮਾਂ ਚੱਲ ਰਿਹਾ ਹੈ ਜਿਨਾਂ ਵਿੱਚੋਂ ਬਰਸੀਮ ਬੀ ਐਲ 10, ਹਾਣੂ, ਬੀਐਲ 42, ਰਾਈ ਘਾਹ ਨੰਬਰ 1, ਮੱਖਣ ਘਾਹ, ਜਵਾਂ ਕੈਂਟ ਹੋਰ ਕਿਸਮਾਂ ਛੋਲੇ ,ਮਸਰ, ਮਟਰ , ਅਲਸੀ, ਸਰੋਂਆ, ਤੋਰੀਆ, ਰਾਹਿਆ ਸਰੋ, ਗੋਭੀ ਸਰ੍ਹੋਂ ਦੀ ਬਿਜਾਈ ਕਰਕੇ ਕਿਸਾਨ ਭਰਾ ਵਧੇਰੇ ਮੁਨਾਫਾ ਲੈ ਸਕਦੇ ਹਨ।

# ਐਮ ਪੀ ਡਾ. ਚੱਬੇਵਾਲ ਅਤੇ ਵਿਧਾਇਕ ਜਿੰਪਾ ਵੱਲੋਂ ਰਿੰਗ ਰੋਡ ਹੁਸ਼ਿਆਰਪੁਰ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ

## ਢਾਈ ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ ਢਾਈ ਕਿਲੋਮੀਟਰ ਲੰਬੀ ਆਲੀਸ਼ਾਨ ਸੜਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਦੀਆਂ ਸੜਕਾਂ ਦੀ ਨੁਹਾਰ ਬਦਲਣ ਲਈ ਜੰਗੀ ਪੱਧਰ 'ਤੇ ਚੱਲ ਰਹੇ ਕੰਮਾਂ ਦੀ ਲੜੀ ਤਹਿਤ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਅਤੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਰਿੰਗ ਰੋਡ ਹੁਸ਼ਿਆਰਪੁਰ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਲੰਬੇ ਸਮੇਂ ਤੋਂ ਬੁਰੇ ਹਾਲਾਤ 'ਚੋਂ ਗੁਜ਼ਰ ਰਹੀ ਢਾਈ ਕਿਲੋਮੀਟਰ ਲੰਬੀ ਇਸ ਸੜਕ ਦਾ ਢਾਈ ਕਰੋੜ ਰੁਪਏ ਦੀ ਲਾਗਤ ਨਾਲ ਕਾਇਆ ਕਲਪ ਕੀਤਾ ਜਾ ਰਿਹਾ ਹੈ। ਬਜਵਾੜਾ ਸਤਸੰਗ ਘਰ ਤੋਂ ਸਵਰਨ ਬਾਈਪਾਸ ਤੱਕ ਬਣ ਰਹੀ 23 ਮੀਟਰ ਚੌੜੀ ਇਸ ਮਜ਼ਬੂਤ ਤੇ ਆਲੀਸ਼ਾਨ ਸੜਕ ਦੇ ਬਣਨ ਨਾਲ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੂੰ ਵੱਡਾ ਫਾਇਦਾ ਹੋਵੇਗਾ। ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਇਸ




ਮੌਕੇ ਕਿਹਾ ਕਿ ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਇਸ ਸ਼ੁਭ ਕੰਮ ਦਾ ਮਹੂਰਤ ਪਹਿਲੇ ਨਰਾਤੇ ਮੌਕੇ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਰਿਸ਼ ਅਤੇ ਹੜ੍ਹਾਂ ਕਾਰਨ ਸੜਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਨੂੰ 1000 ਕਿਲੋਮੀਟਰ ਸੜਕਾਂ ਪਹਿਲਾਂ ਹੀ ਮਿਲੀਆਂ ਹੋਈਆਂ ਹਨ, ਜਿਨ੍ਹਾਂ ਦਾ ਨਿਰਮਾਣ ਕਾਰਜ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ 500 ਕਿਲੋਮੀਟਰ ਹੋਰ ਸੜਕਾਂ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਹਨ, ਜਿਨਾਂ ਤੇ 71 ਕਰੋੜ ਰੁਪਏ ਖ਼ਰਚ ਹੋਣਗੇ। ਉਨ੍ਹਾਂ ਦੱਸਿਆ ਕਿ ਇਸ ਤਹਿਤ 25-26 ਸੜਕਾਂ ਬਣਾਈਆਂ ਜਾਣਗੀਆਂ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਇਸ ਮੌਕੇ ਕਿਹਾ ਕਿ ਸ਼ਹਿਰ ਦੀਆਂ ਸਾਰੀਆਂ ਪ੍ਰਮੁੱਖ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਦਾ ਚੱਲ ਰਿਹਾ ਕੰਮ ਜਲਦ ਹੀ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਬਾਰਿਸ਼ਾਂ ਕਾਰਨ ਉਸਾਰੀ ਵਿਚ ਕੁਝ ਦੇਰੀ ਹੋਈ ਹੈ, ਪਰੰਤੂ ਹੁਣ ਇਸ ਕੰਮ ਨੂੰ ਜੰਗੀ ਪੱਧਰ 'ਤੇ ਮੁਕੰਮਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੇ ਨਿਰਮਾਣ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਕੀਤਾ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਟਿਕਾਊ ਅਤੇ ਮਜ਼ਬੂਤ ਸੜਕਾਂ ਜਨਤਾ ਲਈ ਉਪਲਬੱਧ ਹੋਣ।

# 10 ਲੱਖ ਸਿਹਤ ਬੀਮੇ ਦੀ ਰਜਿਸਟਰੇਸ਼ਨ ਦਾ ਕੰਮ ਅੱਜ ਤੋਂ ਸ਼ੁਰੂ ਹੋਵੇਗਾ : ਬ੍ਰਿਗੇਡੀਅਰ ਰਾਜਕੁਮਾਰ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਵਲੋਂ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਹੋਇਆਂ ਜਿੱਥੇ ਲੋਕਾਂ ਵਾਸਤੇ 10 ਲੱਖ ਰੁਪਏ ਦਾ ਬੀਮਾ ਕਰਨ ਦਾ ਐਲਾਨ ਕੀਤਾ ਸੀ ਉਸ ਦੀ ਰਜਿਸਟ੍ਰੇਸ਼ਨ ਕੰਮ ਅੱਜ ਤੋਂ ਸ਼ੁਰੂ ਹੋ ਜਾਵੇਗਾ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਗੁੱਜਰ ਵੈੱਲਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਬ੍ਰਿਗੇਡੀਅਰ ਰਾਜਕੁਮਾਰ ਨੇ ਪਿੰਡ ਸੁੱਧਾਮਾਜਰਾ ਵਿਖੇ ਆਪਣੇ ਫਾਰਮ ਹਾਊਸ ਤੇ ਗੱਲਬਾਤ ਕੀਤਾ। ਉਨ੍ਹਾਂ ਨੇ ਕਿਹਾ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਦੀ ਸਿਹਤ ਸਬੰਧੀ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਇਹ ਕੰਮ ਸਭ ਤੋਂ ਪਹਿਲਾਂ ਤਰਨਤਾਰਨ ਅਤੇ ਬਰਨਾਲਾ ਵਿਚ ਸ਼ੁਰੂ ਹੋਵੇਗਾ। ਅਤੇ ਕਿਸੇ ਵੀ ਰਜਿਸਟ੍ਰੇਸ਼ਨ ਕਰਵਾਉਣ



ਲਈ ਘਰ ਤੋਂ ਦੂਰ ਨਹੀ ਜਾਣਾ ਪਵੇਗਾ। ਉਨ੍ਹਾਂ ਕਿਹਾ ਕੇ ਇਸ ਕੰਮ ਲਈ ਅਧਾਰ ਕਾਰਡ, ਵੋਟਰ ਕਾਰਡ ਅਤੇ ਪਾਸਪੋਰਟ ਦੀ ਜਰੂਰਤ ਪਵੇਗੀ। ਉਨ੍ਹਾਂ 10 ਤੋਂ 12 ਦਿਨਾਂ ਵਿਚ ਇਹਨਾਂ ਜਿਲ੍ਹਿਆ ਵਿਚ ਰਜਿਸਟ੍ਰੇਸ਼ਨ ਦਾ ਕੰਮ ਸ਼ੁਰੂ ਹੋਵੇਗਾ। ਉਨ੍ਹਾਂ ਦੱਸਿਆ ਕੇ ਮੁੱਖ ਮੰਤਰੀ ਸਿਹਤ ਕਾਰਡ ਬਣਨ ਤੋਂ ਬਾਅਦ ਲੋਕ 10 ਰੁਪਏ ਦਾ ਇਲਾਜ ਕਰਵਾ ਸਕਦੇ ਹਨ। ਜਿਹਨਾਂ ਵਿਚ ਸਰਕਾਰੀ ਕਰਮਚਾਰੀ, ਆਸ਼ਾ ਵਰਕਰ ਅਤੇ ਆਂਗਨਵਾੜੀ ਵਰਕਰ ਵੀ ਸ਼ਾਮਿਲ ਹੋਣਗੇ। ਸਰਕਾਰ ਵਲੋਂ ਇਸ ਕਾਰਡ ਰਾਹੀਂ 2 ਹਜ਼ਾਰ ਬੀਮਾਰੀਆਂ ਦਾ ਇਲਾਜ਼ ਹੋਵੇ ਗਾ। ਬ੍ਰਿਗੇਡੀਅਰ ਰਾਜ ਕੁਮਾਰ ਨੇ ਕਿਹਾ ਕੇ ਆਮ ਆਦਮੀ ਪਾਰਟੀ ਵਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਚੁੱਕਿਆ ਗਿਆ ਇਹ ਕਦਮ ਮੁੱਖ ਮੰਤਰੀ ਭਗਵੰਤ ਮਾਨ ਸਿੰਘ ਦਾ ਵੱਡਾ ਉਪਰਾਲਾ ਹੈ। ਜਿਸ ਨਾਲ ਗਰੀਬ ਲੋਕਾਂ ਨੂੰ ਹੁਣ ਆਪਣੀ ਸਿਹਤ ਦਾ ਇਲਾਜ ਕਰਵਾਉਣ ਲਈ ਕੋਈ ਵੀ ਦਿੱਕਤ ਨਹੀਂ ਆਵੇਗੀ।

for more news visit:
www.samajweekly.com

# ਓਲਡਬਰੀ ਇਲਾਕੇ 'ਚ ਸਿੱਖ ਲੜਕੀ ਨਾਲ ਵਾਪਰੀ ਜਿਨਸੀ ਅਤੇ ਨਸਲੀ ਘਟਨਾ ਦੇ ਵਿਰੋਧ ਚ ਲੈਸਟਰ ਚ ਹੋਇਆ ਵੱਖ- ਵੱਖ ਧਰਮਾਂ ਦਾ ਵਿਸ਼ਾਲ ਇਕੱਠ

**● ਦੋਸ਼ੀਆਂ ਨੂੰ ਸਜਾਵਾਂ ਮਿਲਣ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ● ਵੱਖ-ਵੱਖ ਧਰਮਾਂ ਦੇ ਆਗੂਆਂ ਨੇ ਇਸ ਘਟਨਾ ਦੇ ਵਿਰੋਧ ਚ ਇੱਕ ਜੁਟਤਾ ਦਾ ਕੀਤਾ ਪ੍ਰਗਟਾਵਾ**



ਸੀਤਲ ਸਿੰਘ ਗਿੱਲ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)-** ਬੀਤੇ ਦਿਨੀ ਬਰਮਿੰਘਮ ਨੇੜਲੇ ਇਲਾਕੇ ਓਲਡ ਬਰੀ ਚ ਵਾਪਰੀ ਸਿੱਖ ਲੜਕੀ ਨਾਲ ਜਿਨਸੀ ਅਤੇ ਨਸਲਵਾਦੀ ਘਟਨਾ ਦੇ ਵਿਰੋਧ ਚ ਇੰਗਲੈਂਡ ਦੇ ਸ਼ਹਿਰ ਲੈਸਟਰ ਵਿਖੇ ਵੱਖ ਵੱਖ ਭਾਈਚਾਰਿਆਂ ਦਾ ਵਿਸ਼ਾਲ ਇਕੱਠ ਹੋਇਆ। ਇੰਡੀਅਨ ਵਰਕਰਜ ਐਸੋਸੀਏਸ਼ਨ (ਗਰੇਟ ਬ੍ਰਿਟੇਨ) ਦੇ ਸੱਦੇ ਤੇ ਇਸ ਇਕੱਠ ਚ ਪੁੱਜੇ ਸਿੱਖ, ਮੁਸਲਿਮ, ਹਿੰਦੂ, ਕ੍ਰਿਸਚਨ ਅਤੇ ਹੋਰ ਵੱਖ ਵੱਖ ਧਰਮਾਂ ਦੇ ਆਗੂਆਂ ਸਮੇਤ ਕਮਿਊਨਟੀ ਦੇ ਪ੍ਰਤਿਨਿਧੀ, ਟਰੇਡ ਯੂਨੀਅਨ ਕਾਰਕੁਨ, ਕੌਂਸਲਰ, ਧਾਰਮਿਕ ਨੇਤਾ, ਔਰਤਾਂ ਦੇ ਸੰਗਠਨ ਅਤੇ ਨਸਲਵਾਦ ਵਿਰੋਧੀ ਐਕਟਿਵਿਸਟ ਸ਼ਾਮਲ ਹੋਏ। ਇਸ ਰਿਕਾਰਡਤੋੜ ਵਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਧਰਮਾਂ ਤੇ ਭਾਈਚਾਰਿਆਂ ਦੇ ਆਗੂਆਂ ਨੇ ਇਸ ਘਟਨਾ ਦੀ ਸਖਤ ਸ਼ਬਦਾਂ ਚ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ ਦੀ ਮੰਗ ਕੀਤੀ।

ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਇਹ ਜੁਰਮ ਸਿਰਫ਼ ਇੱਕ ਔਰਤ 'ਤੇ ਹਮਲਾ ਨਹੀਂ ਸੀ, ਬਲਕਿ ਸਾਰੀਆਂ ਔਰਤਾਂ ਅਤੇ ਘੱਟ ਗਿਣਤੀ ਕਮਿਊਨਿਟੀਆਂ ਦੀ ਇਜ਼ਤ ਅਤੇ ਸੁਰੱਖਿਆ 'ਤੇ ਹਮਲਾ ਸੀ। ਉਹਨਾਂ ਕਿਹਾ ਕਿ ਅਸੀਂ ਪੀੜਤ ਅਤੇ ਉਸਦੇ ਪਰਿਵਾਰ ਨਾਲ ਆਪਣੀ ਪੂਰੀ ਏਕਤਾ ਜਤਾਉਂਦੇ ਹਾਂ। ਉਹ ਇਕੱਲੇ ਨਹੀਂ ਹਨ, ਸਾਰੀ ਕਮਿਊਨਟੀ ਉਹਨਾਂ ਦੇ ਨਾਲ ਖੜ੍ਹੀ ਹੈ। ਵੱਖ ਵੱਖ ਭਾਈਚਾਰੇ ਦੇ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਇਹ ਵਾਅਦਾ ਕਰਦੇ ਹਾਂ ਕਿ ਅਸੀਂ ਕਮਿਊਨਟੀਆਂ, ਧਰਮਾਂ ਅਤੇ ਟਰੇਡ ਯੂਨੀਅਨਾਂ ਵਿੱਚ ਏਕਤਾ ਨਾਲ ਨਸਲਵਾਦ, ਔਰਤ ਵਿਰੋਧੀ ਸੋਚ ਅਤੇ ਹਰ ਕਿਸਮ ਦੀ ਨਫ਼ਰਤ ਦੇ ਖ਼ਿਲਾਫ਼ ਖੜ੍ਹੇ ਰਹਾਂਗੇ, ਅਤੇ ਜਿੰਨਾ ਚਿਰ ਪੀੜ ਤੇ ਲੜਕੀ ਨੂੰ ਇਨਸਾਫ਼ ਨਹੀਂ ਮਿਲ ਜਾਂਦਾ ਅਸੀਂ ਸੰਘਰਸ਼ ਜਾਰੀ ਰੱਖਾਂਗੇ। ਇਸ ਸਾਲ ਇਕੱਠ ਨੂੰ ਪ੍ਰੀਤ ਕੌਰ ਗਿੱਲ ਐਮ.ਪੀ. ਨੇ ਵੀਡੀਓ ਕਾਨਫਰੰਸ ਰਾਹੀਂ ਸੰਬੋਧਨ ਕੀਤਾ। ਇਸ ਮਿਸਾਲ ਇਕੱਠ ਨੂੰ ਸੰਬੋਧਨ ਕਰਦਿਆਂ ਸ਼ੌਕਤ ਆਦਮ ਐਮ.ਪੀ ਲੈਸਟਰ ਸਾਊਥ, ਸੀਤਲ ਸਿੰਘ ਗਿੱਲ ਜਨਰਲ ਸਕੱਤਰ, ਇੰਡਿਅਨ ਵਰਕਰਜ਼ ਅਸੋਸੀਏਸ਼ਨ (ਜੀ.ਬੀ.), ਦਿਲਬਾਗ ਸਿੰਘ ਗਿੱਲ ਨੈਸ਼ਨਲ ਐ ਗ ਜ਼ਿ ਕ ਯੁ ਟਿ ਵ , ਆਈ.ਡਬਲਯੂ.ਏ. (ਜੀ.ਬੀ.), ਡਗਲਸ ਜੌਨਸਟਨ ਰੀਜਨਲ ਪ੍ਰੈਜ਼ੀਡੈਂਟ, ਬੀ.ਐਫ.ਏ. ਡਬਲਯੂ.ਯੂ. ਯੂਨੀਅਨ, ਜੈਕੀ ਲੂਇਸ ਚੇਅਰ, ਲੈਸਟਰ ਸਟੈਂਡ ਅੱਪ ਟੂ ਰੇਸਿਜ਼ਮ, ਕੌਂਸਲਰ ਭੁਪਿਨ ਦਵੇ ਸਾਬਕਾ ਡਿਪਟੀ ਲੀਡਰ, ਲੈਸਟਰ ਸਿਟੀ ਕੌਂਸਲ, ਕੌਂਸਲਰ ਸੰਤੋਖ ਸਿੰਘ ਅਟਵਾਲ, ਕਲੌਡੀਆ ਵੇਬ ਸਾਬਕਾ ਐਮ.ਪੀ, ਕੌਂਸਲਰ ਕੁਲਵਿੰਦਰ ਸਿੰਘ ਜੋਹਲ, ਕੌਂਸਲਰ ਦੇਵੀ ਸਿੰਘ ਪਟੇਲ, ਕੌਂਸਲਰ ਨੈਗਸ ਅਰਾਥ, ਕੌਂਸਲਰ ਜੈਫਰੀ, ਕੌਂਸਲਰ ਲਤੀਫ ਦਰ, ਕੌਂਸਲਰ ਰਵੀ ਮਹੇਸ਼, ਸੁਖਦੇਵ ਸਿੰਘ ਬੰਸਲ, ਗੁਰਨਾਮ ਸਿੰਘ ਨਵਾਂਸ਼ਹਿਰ ਪ੍ਰਧਾਨ ਗੁਰੂ ਤੇਗ ਬਹਾਦੁਰ ਗੁਰਦੁਆਰਾ, ਮੰਗਣ ਭਾਈ ਪਟੇਲ ਗੁਜਰਾਤ ਹਿੰਦੂ ਐਸੋਸੀਏਸ਼ਨ ਅਤੇ ਲੈਸਟਰ ਹਿੰਦੂ ਫੈਡਰੇਸ਼ਨ, ਉਸਮਾਨ ਜਾਦੂਨ ਮੁਸਲਿਮ ਕੌਂਸਲ, ਮੋਹਮਦ ਲੈਸਟਰ ਮੁਸਲਿਮ ਕੌਂਸਲ, ਸ਼ਰਮੀਨ ਰਹਮਾਨ ਦ ਗ੍ਰੀਨ ਪਾਰਟੀ, ਗੁਰਜੀਤ ਸਿੰਘ ਸਮਰਾ ਸ਼੍ਰੀ ਗੁਰੂ ਹਰਕ੍ਰਿਸ਼ਨ ਗੁਰਦੁਆਰਾ ਓਡਬੀ, ਕੌਂਸਲਰ ਮੋਹਿੰਦਰ ਸਿੰਘ ਸੰਘਾ, ਜਸਵੰਤ ਕੌਰ, ਰਵਿੰਦਰ ਕੌਰ ਲਾਲ, ਜਗਜੀਤ ਸਿੰਘ, ਰਾਜਵੰਤ ਸਿੰਘ ਕੰਗ, ਕਸ਼ਮੀਰ ਸਿੰਘ , ਸਿੰਗਾਰਾ ਸਿੰਘ ਰੰਧਾਵਾ, ਮੰਗਤ ਸਿੰਘ ਪਲਾਹੀ, ਮੁਖਤਿਆਰ ਸਿੰਘ ਝੰਡੇਰ ਸਮੇਤ ਵੱਖ-ਵੱਖ ਭਾਈਚਾਰਿਆਂ ਦੇ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਤੇ ਵੱਡੀ ਗਿਣਤੀ ਚ ਇੰਗਲੈਂਡ ਸਮੇਤ ਵੱਖ-ਵੱਖ ਸ਼ਹਿਰਾਂ ਤੋਂ ਵੱਖ ਵੱਖ ਧਰਮਾਂ ਦੇ ਲੋਕ ਹਾਜਰ ਸਨ।





**ਓਲਡ ਬਰੀ ਇਲਾਕੇ ਚ ਸਿੱਖ ਲੜਕੀ ਨਾਲ ਵਾਪਰੀ ਨਸਲਵਾਦੀ ਅਤੇ ਜਿਨਸੀ ਘਟਨਾ ਦੇ ਵਿਰੋਧ ਚ ਵਿਸਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਭਾਈਚਾਰਿਆਂ ਦੇ ਆਗੂ। ਸੁਖਜਿੰਦਰ ਸਿੰਘ ਢੱਡੇ**

# ਵਿਰਸਾ ਸੰਭਾਲ ਗੁਰਮਤਿ ਮੁਕਾਬਲੇ ਦਾ ਪੋਸਟਰ ਕੀਤਾ ਗਿਆ ਜਾਰੀ

**ਨਵਾਂਸ਼ਹਿਰ /ਕਾਠਗੜ੍ਹ23 ਸਤੰਬਰ (ਜਤਿੰਦਰ ਪਾਲ ਸਿੰਘ ਕਲੇਰ )** ਗੁਰੂ ਰਾਮਦ-ਾਸ ਗੁਰਮਤਿ ਸੇਵਾ ਸੋਸਾਇਟੀ ਕਿਸ਼ਨਪੁਰ-ਭਰਥਲਾ ਅਤੇ ਬਾਜ ਖਾਲਸਾ ਗੱਤਕਾ ਕਲੱਬ ਰੋਪੜ੍ਹ ਵਲੋਂ ਦੂਜਾ ਵਿਰਸਾ ਸੰਭਾਲ ਗੁਰਮਤਿ ਮੁਕਾਬਲਾ 12 ਅਕਤੂਬਰ ਦਿਨ ਐਤਵਾਰ ਨੂੰ ਗੁਰਦੁਆਰਾ ਸਿੰਘ ਸਭਾ ਕਿਸ਼ਨਪੁਰ ਵਿਖੇ ਕਰਵਾਇਆ ਜਾ ਰਿਹਾ ਹੈ। ਗੁਰਮਤਿ ਮੁਕਾ-ਬਲੇ ਵਿਚ ਗੁਰਬਾਣੀ ਕੰਠ ਮੁਕਾਬਲੇ ਅਤੇ ਧਾਰਮਿਕ ਪ੍ਰੀਖਿਆ ਕਰਵਾਈ ਜਾਵੇਗੀ। ਜੇਤੂ ਬੱਚਿਆਂ ਨੂੰ ਨਗਦ



ਬਲਾਚੌਰ ਵਿਖੇ ਵਿਰਸਾ ਸੰਭਾਲ ਗੁਰਮਤਿ ਮੁਕਾਬਲੇ ਦਾ ਪੋਸਟਰ ਜਾਰੀ ਕਰਦੇ ਹੋਏ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਸੇਵਾਦਾਰ।

ਇਨਾਮ, ਟਰਾਫੀਆਂ ਤੇ ਗਿਫ਼ਟ ਇਨਾਮ ਵਜੋਂ ਦਿੱਤੇ ਜਾਣਗੇ। ਇਸ ਮੁਕਾਬਲੇ ਵਿਚ ਭਾਗ ਲੈਣ ਲਈ ਸੋਸਾਇਟੀ ਨਾਲ ਸੰਪਰਕ ਕਰਕੇ ਕਿਤਾਬਾਂ ਪ੍ਰਾਪਤ ਕਰ ਸਕਦੇ ਹੋ। ਮੁਕਾਬਲੇ ਦਾ ਪੋਸਟਰ ਬਲਾਚੌਰ 'ਚ ਸਮੂਹ ਸਿੱਖ ਜਥੇਬੰਦੀਆਂ ਵਲੋਂ ਰਲੀਜ਼ ਕੀਤਾ ਗਿਆ।ਇਸ ਮੌਕੇ 'ਤੇ ਹਰਨੇਕ ਸਿੰਘ ਫੋਜ਼ੀ, ਤਲਵੀਰ ਸਿੰਘ ਫੋਜ਼ੀ, ਭੁਪਿੰਦਰ ਸਿੰਘ ਬਜਰੂੜ, ਸੁਖਵੰਤ ਸਿੰਘ ਚੀਮਾਂ, ਜਗਤਾਰ ਸਿੰਘ ਮਹਿੰਦੀਪੁਰ, ਸੁਰਜੀਤ ਸਿੰਘ ਦੁਭਾਲੀ, ਲਵਪ੍ਰੀਤ ਸਿੰਘ ਕਿਸ਼ਨਪੁਰ, ਗੁਰਪ੍ਰੀਤ ਸਿੰਘ ਰੋਪੜ ਅਤੇ ਹੋਰ ਸੇਵਾਦਾਰ ਵੀ ਹਾਜ਼ਰ ਸਨ।

# ਪੰਜਾਬ ਰਾਜ ਜੋਨਲ ਪੱਧਰ ਦੀਆਂ ਖੇਡਾਂ ਵਿੱਚ ਦ ਨੋਰਵੁੱਡ ਸਕੂਲ ਦੇ 33 ਵਿਦਿਆਰਥੀਆਂ ਦੀ ਸਟੇਟ ਲਈ ਹੋਈ ਚੋਣ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਜੋਨਲ ਖੇਡ ਮੁਕਾਬਲਿਆਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਦ ਨੋਰਵੁੱਡ ਸਕੂਲ ਦੇ 33 ਵਿਦਿਆਰਥੀਆਂ ਦੀ ਸਟੇਟ ਲਈ ਚੋਣ ਹੋਣ ਕਰਕੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਹੈ। ਸਕੂਲ ਮੈਨੇਜਮੈਂਟ ਨੇ ਦੱਸਿਆ ਕਿ ਵਾਲੀਬਾਲ(ਲੜਕੇ) ਅੰਡਰ-14 ਤੀਜਾ ਸਥਾਨ ਤੇ 2 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ(ਲੜਕੇ) ਅੰਡਰ-17 ਤੀਜਾ ਸਥਾਨ ਤੇ 2 ਖਿਡਾਰੀ ਸਟੇਟ ਲਈ ਚੁਣੇ ਗਏ, ਕ੍ਰਿਕਟ(ਲੜਕੇ) ਅੰਡਰ-17 ਚੋਂ 2 ਖਿਡਾਰੀ ਸਟੇਟ ਲਈ ਚੁਣੇ ਗਏ, ਕ੍ਰਿਕਟ(ਲੜਕੇ) ਅੰਡਰ-14 ਚੋਂ 1 ਖਿਡਾਰੀ ਸਟੇਟ ਲਈ ਚੁਣਿਆ ਗਿਆ, ਫੁੱਟਬਾਲ(ਲੜਕੇ) ਅੰਡਰ-14 ਚੋਂ 1 ਖਿਡਾਰੀ ਸਟੇਟ ਲਈ ਚੁਣਿਆ ਗਿਆ, ਲਾਨ ਟੈਨਿਸ(ਲੜਕੇ) ਅੰਡਰ-17 ਚੋਂ 2 ਖਿਡਾਰੀ ਸਟੇਟ ਲਈ ਚੁਣੇ ਗਏ,





ਵਾਲੀਬਾਲ(ਲੜਕੀਆਂ) ਅੰਡਰ-14 ਦੂਜਾ ਸਥਾਨ ਤੇ 5 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ(ਲੜਕੀਆਂ) ਅੰਡਰ-17 ਤੀਜਾ ਸਥਾਨ ਤੇ 3 ਖਿਡਾਰੀ ਸਟੇਟ ਲਈ ਚੁਣੇ ਗਏ, ਵਾਲੀਬਾਲ(ਲੜਕੀਆਂ) ਅੰਡਰ-19 ਤੀਜਾ ਸਥਾਨ ਤੇ 3 ਖਿਡਾਰੀ ਸਟੇਟ ਲਈ ਚੁਣੇ ਗਏ, ਬਾਸਕਿਟਬਾਲ (ਲੜਕੀਆਂ) ਅੰਡਰ-14 ਦੂਜਾ ਸਥਾਨ ਤੇ 4 ਖਿਡਾਰੀ ਸਟੇਟ ਲਈ ਚੁਣੇ ਗਏ, ਬਾਸਕਿਟਬਾਲ(ਲੜਕੀਆਂ) ਅੰਡਰ -17 ਤੀਜਾ ਸਥਾਨ ਤੇ 3 ਖਿਡਾਰੀ ਸਟੇਟ ਲਈ ਚੁਣੇ ਗਏ, ਲਾਨ ਟੈਨਿਸ(ਲੜਕੀਆਂ) ਅੰਡਰ-14 ਚੋਂ 5 ਖਿਡਾਰੀ ਸਟੇਟ ਲਈ ਚੁਣੇ ਗਏ। ਸਕੂਲ ਮੈਨੇਜਮੈਂਟ ਨੇ ਮਾਣ ਮਹਿਸੂਸ ਕਰਦੇ ਹੋਏ ਦੱਸਿਆ ਕਿ ਇਹ ਵਿਦਿਆਰਥੀਆਂ ਤੇ ਕੋਚਿਸ ਦੀ ਮਿਹਨਤ ਦਾ ਹੀ ਨਤੀਜਾ ਹੈ ਤੇ ਸਾਡਾ ਮਕਸਦ ਪੜਾਈ ਦੇ ਨਾਲ-ਨਾਲ ਖੇਡਾਂ ਵਿੱਚ ਸਕੂਲ ਨੂੰ ਅੱਗੇ ਲੈਕੇ ਜਾਣਾ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਨੇ ਵਿਦਿਆਰਥੀਆਂ ਤੇ ਕੋਚਿਸ ਨੂੰ ਵਧਾਈਆਂ ਦਿੰਦੇ ਹੋਏ ਭਵਿੱਖ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਗੰਗੂਵਾਲ ਦੇ ਸ਼੍ਰੀ ਰਾਮਲੀਲਾ ਉਤਸਵ 2025 ਦਾ ਹੋਇਆ ਸ਼ੁਭ ਆਰੰਭ

## * ਮਾਸਟਰ ਸੰਜੀਵ ਧਰਮਾਣੀ ਨੇ ਕੀਤਾ ਉਦਘਾਟਨ * ਸ਼੍ਰੀ ਰਾਮਾਡ੍ਰਾਮਾਟਿਕ ਕਮੇਟੀ ਵਲੋਂ ਕੀਤਾ ਗਿਆ ਸਨਮਾਨਿਤ

**ਸ਼੍ਰੀ ਅਨੰਦਪੁਰ ਸਾਹਿਬ**

ਇਲਾਕੇ ਦੀ ਪ੍ਰਸਿੱਧ ਤੇ ਪਿਛਲੇ ਲਗਭਗ 75 ਸਾਲ ਤੋਂ ਨਿਰੰਤਰ ਚੱਲੀ ਆ ਰਹੀ ਸ਼੍ਰੀ ਰਾਮਾਡ੍ਰਾਮਾਟਿੱਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਦੀ ਸ਼੍ਰੀ ਰਾਮਲੀਲਾ ਉਤਸਵ 2025 ਦਾ ਸ਼ੁਭ ਆਰੰਭ 22 ਸਤੰਬਰ ਨੂੰ ਹੋ ਗਿਆ। ਇਸਦਾ ਉਦਘਾਟਨ ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਕੀਤਾ। ਇਸ ਮੌਕੇ ਉਹਨਾਂ ਨੇ ਮਨੁੱਖ ਨੂੰ ਪ੍ਰਭੂ ਭਗਤੀ ਦੇ ਨਾਲ ਜੁੜਨ , ਚੰਗੇ ਕਰਮ ਕਰਨ ਅਤੇ ਜਿੰਦਗੀ ਵਿੱਚ ਆਸ਼ਾਵਾਦੀ ਨਜ਼ਰੀਆ ਅਪਣਾਉਣ ਦੇ ਲਈ ਹਾਜ਼ਰ ਸੰਗਤਾਂ ਨੂੰ ਦੱਸਿਆ ਅਤੇ ਨਾਲ ਹੀ ਇਸ ਬਹੁਤ ਪਾਵਨ ਪਵਿੱਤਰ ਸਟੇਜ ਦੀ ਮਹਾਨਤਾ ਤੋਂ ਵੀ ਜਾਣੂੰ ਕਰਵਾਇਆ ਕਿ ਇਹ ਸਟੇਜ਼ 'ਤੇ ਸੱਚਮੁੱਚ ਭਗਵਾਨ ਦਾ ਵਾਸ ਹੈ ਤੇ ਸਹੀ ਤੇ ਸਕਾਰਾਤਮਕ ਢੰਗ ਨਾ.ਲ ਇਸ ਸਟੇਜ਼ ਨਾ.ਲ ਜੁੜ ਕੇ ਅਸੀਂ ਇਸ ਦਾ ਅਨੁਭਵ ਕਰ ਸਕਦੇ



ਹਾਂ। ਇਸ ਮੌਕੇ ਸ਼੍ਰੀ ਰਾਮਾਡ੍ਰਾਮਾਟਿੱਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਮਾਸਟਰ ਸੰਜੀਵ ਧਰਮਾਣੀ ਤੇ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਸਨਮਾਨਿਤ ਕੀਤਾ। ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ ਨੇ ਪ੍ਰਭੂ ਸ਼੍ਰੀ ਰਾਮ ਜੀ ਅਤੇ ਸਮੂਹ ਸ਼੍ਰੀ ਰਾਮਲੀਲਾ ਕਮੇਟੀ ਅਹੁਦੇਦਾਰਾਂ ਤੇ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸ਼੍ਰੀ ਰਾਮਾਡ੍ਰਾਮਾਟਿਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਦੇ ਚੇਅਰਮੈਨ ਗੋਪਾਲ ਸ਼ਰਮਾ , ਸ਼੍ਰੀ ਰਾਮਾਡ੍ਰਾਮਾਟਿਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਦੇ ਪ੍ਰਧਾਨ ਤੇ ਸਰਪੰਚ ਲੱਕੀ ਕਪਿਲਾ , ਸ਼੍ਰੀ ਰਾਮਾਡ੍ਰਾਮਾਟਿਕ ਕਮੇਟੀ ਗੰਗੂਵਾਲ ਬਾਸੋਵਾਲ ਕਲੋਨੀ ਦੇ ਡਾਇਰੈਕਟਰ ਸ਼੍ਰੀ ਅਜੇ ਕੁਮਾਰ , ਸੀਨੀਅਰ ਵਾਇਸ ਪ੍ਰਧਾਨ ਪਵਨ ਕੁਮਾਰ ਚੀਟੂ , ਸੈਕਟਰੀ ਪਵਨ ਕੁਮਾਰ ਫੋਰਮੈਨ , ਜੁਆਇੰਟ ਸੈਕਟਰੀ ਰਕੇਸ਼ ਚੰਦਰ ਭੋਲਾ , ਪ੍ਰੈਸ ਸਕੱਤਰ ਰਕੇਸ਼ ਕੁਮਾਰ ਚੀਟੂ , ਖਜਾਨਚੀ ਐਡਵੋਕੇਟ ਮੇਘਰਾਜ ਕੌਸ਼ਲ , ਸਲਾਹਕ-ਾਰ ਯਸ਼ਪਾਲ ਕਪਿਲਾ , ਮੰਟੀ ਕਪਿਲਾ , ਮਾਰਕੀਟ ਕਮੇਟੀ ਗੰਗੂਵਾਲ ਦੇ ਪ੍ਰਧਾਨ ਪਵਨ ਕੁਮਾਰ , ਹੇਮੰਤ ਕੁਮਾਰ ਬੱਬੂ , ਸੁਦਾਮਾ ਰਾਮ , ਕਮਲਜੀਤ ਲੱਕੀ , ਗਗਨ ਗੱਗੂ , ਪੰਡਿਤ ਰਜੇਸ਼ ਨਟਿਆਲ , ਸੁਭਾਸ਼ ਕੁਮਾਰ , ਸ਼ਿਵ ਕੁਮਾਰ , ਯੋਗੇਸ਼ ਚਾਂਦਲਾ , ਮੈਡਮ ਰਜਨੀ ਧਰਮਾਣੀ , ਮਾਸਟਰ ਸੰਜੀਵ ਧਰਮਾਣੀ ਦੀ ਵੱਡੀ ਸਪੁੱਤਰੀ ਪਟਵਾਰੀ ਸਲੋਨੀ ਧਰਮਾਣੀ , ਛੋਟੀ ਸਪੁੱਤਰੀ ਵੰਦਨਾ ਧਰਮਾਣੀ , ਗੋਲੂ , ਅੰਕੁਸ਼ ਚੀਟੂ , ਵਿਸ਼ੂ , ਸਾਹਿਲ ਚੀਟੂ , ਸ਼੍ਰੀ ਰਾਮਲੀਲਾ ਰੰਗਮੰਚ ਦੇ ਕਲਾਕਾਰ ਤੇ ਸਮੂਹ ਭਗਤਜਨ ਹਾਜ਼ਰ ਸਨ।

# "ਬੰਦੇ ਤੋਂ ਇਨਸਾਨ" ਪੁਸਤਕ ਦਾ ਮੁਲਾਂਕਣ

## ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ - ਮੂਲ ਚੰਦ ਸ਼ਰਮਾ

ਸ਼੍ਰੀ ਮੂਲ ਚੰਦ ਸ਼ਰਮਾ ਕਿਸੇ ਰਸਮੀ ਜਾਣ ਪਛਾਣ ਦਾ ਮੁਹਤਾਜ ਨਹੀਂ । ਅਜੋਕੇ ਸਮੇਂ ਉਹ ਪੰਜਾਬੀ ਸਾਹਿਤ ਸਭਾ ਧੂਰੀ ( ਰਜਿ: ) ਦਾ ਪ੍ਰਧਾਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ( ਰਜਿ: ) ਦਾ ਮੀਤ ਪ੍ਰਧਾਨ ਹੈ । ਮੁੱਖ ਤੌਰ 'ਤੇ ਉਹ ਗੀਤਕਾਰ ਵਜੋਂ ਪ੍ਰਸਿੱਧ ਹੈ । ਉਸ ਦੇ ਲਿਖੇ ਗੀਤ ਪੰਜਾਬੀ ਦੇ ਭਿੰਨ ਭਿੰਨ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਛਪਦੇ ਹੀ ਰਹਿੰਦੇ ਹਨ । ਉਸ ਦੇ ਗੀਤਾਂ ਨੂੰ ਪੰਜਾਬੀ ਦੇ ਪ੍ਰਸਿੱਧ ਗਾਇਕ ਅਤੇ ਗਾਇਕਾਵਾਂ ਨੇ ਆਪਣੀ ਮਿੱਠੀ ਸੁਰ ਵਿੱਚ ਗਾਇਆ ਹੈ । ਜਿਹੜੇ ਅਨੇਕਾਂ ਤਵਿਆਂ , ਕੈਸਿਟਾਂ , ਸੀ.ਡੀਜ਼ ਅਤੇ ਯੂ ਟਿਊਬ ਚੈਨਲਾਂ ਰਾਹੀਂ ਲੋਕਾਂ ਦੇ ਮਨੋਰੰਜਨ ਦਾ ਸਾਧਨ ਬਣਦੇ ਹੀ ਰਹਿੰਦੇ ਹਨ ।

ਬੰਦੇ ਤੋਂ ਇਨਸਾਨ ਦਾ ਭਾਵ ਬੰਦੇ ਦੇ ਅਸਤਿਤਵ / ਸ਼ਖ਼ਸੀਅਤ ਦਾ ਵਿਕਾਸ ਹੈ । ਇਸ ਪੁਸਤਕ ਦਾ ਅ ਧਿ ਐ ਨ ਕੀਤਿਆਂ ਪਤਾ ਚਲਦਾ ਹੈ ਕਿ ਮੂਲ ਚੰਦ ਸ਼ਰਮਾ ਦਾ ਅਸਤਿਤਵ ਹਰ ਰਚਨਾ ਵਿੱਚ ਧੜਕਦਾ ਹੈ । ਉਸ ਦੀ ਕਿਰਤ ਦੇ ਤੱਤਾਂ ( ਵਿਚਾਰ ਭਾਵ , ਬੁੱਧੀ , ਕਲਪਨਾ , ਅਭਿਵਿਅਕਤੀ ) ਤੋਂ ਸਹਿਜੇ ਹੀ ਪਛਾਣਿਆਂ ਜਾ ਸਕਦਾ ਹੈ । ਉਸ ਲਈ ਅਸਤਿਤਵ " ਮੈਂ ਵਾਦ " ਅਰਥਾਤ ਸ਼ੋਲਿਪਸਿਸਮ ਨਹੀਂ । ਇਹ ਤਾਂ ਉਸ ਦੇ ਮਿੱਤਰ ਮੰਡਲੀ ਨਾ਼ਲ ਸੰਬੰਧਾਂ ਵਿੱਚੋਂ ਨੋਟ ਕੀਤਾ ਜਾ ਸਕਦਾ ਹੈ । ਕਵੀ ਲਈ ਅਸਤਿਤਵ ਮਾਨਵਵਾਦ ਹੈ / ਇਨਸਾਨੀਅਤ ਹੈ । ਇਸ ਲਈ ਉਸ ਦਾ ਵਿਚਾਰ ਹੈ ਮਾਨਵਤਾ ਦੇ ਅਧਿਐਨ ਲਈ ਮਾਨਵ / ਬੰਦੇ ਦਾ ਅਧਿਐਨ ਜ਼ਰੂਰੀ ਹੈ । ਸ਼ਰਮਾ ਦੀ ਪੁਸਤਕ ਬੰਦੇ ਨੂੰ ਇਨਸਾਨ ਬਣਾਉਂਣ ਵੱਲ ਰੁਚਿਤ ਹੈ । ਉਸ ਦਾ ਵਿਚਾਰ ਹੈ ਅਸਤਿਤਵ ਤਾਂ ਆਪਣੇ ਅਰਥਾਂ ਦਾ ਵਿਸਤਾਰ ਕਰਕੇ ਮੁਲਕਾਂ ਦੀ ਪ੍ਰਭੂਸੱਤਾ ਤੱਕ ਆਪਣਾ ਪਾਸਾਰ ਕਰ ਚੁੱਕਾ ਹੈ । ਉਸ ਦੇ ਅਜਿਹੇ ਵਿਚਾਰ ਗੁਰਬਾਣੀ ਨਾ਼ਲ ਵੀ ਮਿਲਦੇ ਹਨ " ਮਨ ਤੂੰ ਜੋਤਿ ਸਰੂਪ ਹੈਂ , ਆਪਣਾ ਮੂਲ ਪਛਾਣ । ਸੁਕਰਾਤ ਨੇ ਵੀ ਤਾਂ ਕਿਹਾ ਸੀ - ਆਪਣੇ ਆਪ ਨੂੰ ਜਾਣੋਂ । ਅਲੈਗਜ਼ੈਂਡਰ ਪੋਪ ਦਾ ਕਹਿਣਾ ਹੈ " Presume ਨੋਟ God to scan proper study of manikndi s man "

ਮੂਲ ਚੰਦ ਸ਼ਰਮਾ ਦੇ ਪਿੰਡ ਦਾ ਨਾਂ ਰਣ-ਚਣਾਂ ( ਰੰਚਣਾਂ ) ਹੈ । ਉਹ ਆਪਣੇ ਜੀਵਨ ਦੀਆਂ ਬਹੁਤ ਸਾਰੀਆਂ ਸੰਭਾਵਨਾਵਾਂ ( Posisibilites ) ਵਿੱਚੋਂ ਆਪਣੇ ਅਸਤਿੱਤਵ ਨੂੰ ਬੁਲੰਦ ਕਰਨ ਲਈ ਕਵਿਤਾ / ਗੀਤਾਂ ਦਾ ਰਣ-ਚੁਣਿਆਂ ਹੈ । ਸ਼ਰਮਾ ਸੱਚੀਆਂ ਨਿੱਕੀਆਂ ਕਵਿਤਾਵਾਂ ਲਿਖਦਾ ਹੈ , ਇਸੇ ਲਈ ਮੈਂ ਉਸ ਨੂੰ ਨਿਕੀਆਂ ਕਵਿਤਾਵਾਂ ਦਾ ਵੱਡਾ ਕਵੀ ਕਹਿ ਕੇ ਉਪਮਾਇਆ ਹੈ । ਉਹ ਆਪਣੇ ਪਿੰਡ ਰਜਿੰਦਰਾ ਪੁਰੀ ( ਰੰਚਣਾਂ ) ਨੂੰ ਵੀ ਪ੍ਰਸਿੱਧ ਕਰ ਰਿਹਾ ਹੈ । ਪੰਜਾਬੀ ਸਾਹਿਤ ਸਭਾ ਧੂਰੀ ਦੇ ਅਸਤਿਤਵ ( ਹੋਂਦ ) ਨੂੰ ਬੀਇੰਗ ਨੂੰ ਬਿਕਮਿੰਗ ਕਰ ਰਿਹਾ ਹੈ ।

ਸ਼ਰਮਾ ਨਵੇਂ ਲੇਖਕਾਂ ਦਾ ਪ੍ਰੇਰਣਾ-ਸਰੋਤ ਹੈ । ਮੈਗਜ਼ੀਨਾਂ / ਫੇਸਬੁੱਕ 'ਤੇ ਆਪਣੀ ਜਵਾਨੀ ਦੀ ਫੋਟੋ ਛਪਵਾਉਂਦਾ ਹੈ ਪਰ ਦਾੜ੍ਹੀ ਕਾ਼ਲੀ ਕਰਨ ਤੋਂ ਸੰਕੋਚ ਕਰਦਾ ਹੈ । ਨਿੱਤ ਹੀ




ਸੱਜਰੀਆਂ ਰਚਨਾਵਾਂ ਪੇਸ਼ ਕਰਦਾ ਹੈ । ਸਮੇਂ ਦੀਆਂ ਘਟਨਾਵਾਂ ਨੂੰ ਕਾਵਿ ਰੂਪ ਵਿੱਚ ਪਾਠਕਾਂ ਨਾ਼ਲ ਸਾਂਝੀਆਂ ਕਰਦਾ ਹੈ । ਉਸ ਦੀਆਂ ਰਚਨਾਵਾਂ ਪੜ੍ਹ ਕੇ ਮੁਬਾਰਕਾਂ ਦੇ ਢੇਰ ਲੱਗ ਜਾਂਦੇ ਹਨ । ਉਹ ਤਾਂ ਧੰਨਵਾਦ ਕਰਦਾ ਹੀ ਥੱਕ ਜਾਂਦਾ ਹੈ ।

ਸ਼ਰਮਾ ਜੀ ਦਾ ਅਸਤਿਤਵ / ਸ਼ਖ਼ਸੀਅਤ ਸਹਿਣਸ਼ੀਲਤਾ ਵਾ਼ਲਾ ਹੈ । ਉਸ ਦਾ ਜੀਵਨ ਉਸ ਦੀਆਂ ਕਾਵਿ- ਟੁਕੜੀਆਂ ਵਾਂਗ ਹੀ ਸਾਦਾ ਹੈ । ਦੁਖੀਆਂ ਦੇ ਦੁੱਖ ਵੰਡਾਉਂਦਾ ਹੈ । ਕਦੇ ਆਪਣੇ ਖੇਤਾਂ ਵਿੱਚ ਗੁਣਗੁਣਾਉਂਦਾ ਦਿਸਦਾ ਹੈ । ਉਹ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਸੌੜ ( ਸੰਗਰੂਰ ) ਦਾ ਹਰਮਨ ਪਿਆਰਾ ਅਧਿਆਪਕ ਰਿਹਾ ਹੈ । ਉਸ ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਹੁਣ ਵੀ ਉਸ ਦਾ ਸਨਮਾਨ ਕਰਦੇ ਹਨ ।

ਗੱਲ ਕੀ ਉਹ ਬਹੁਪੱਖੀ ਪ੍ਰਤਿਭਾ ਦਾ ਸਵਾਮੀ ਹੈ । ਇਸ ਪੁਸਤਕ ਨੂੰ ਪੜ੍ਹ ਕੇ ਕੋਈ ਵੀ ਵਿਦ-ਵਾਨ ਉਸ ਦਾ ਕਮਾਲ ਦਾ " ਸ਼ਬਦ ਚਿੱਤਰ " ਉਲੀਕ ਸਕਦਾ ਹੈ ।

ਬੰਦੇ ਤੋਂ ਇਨਸਾਨ ਕਾਵਿ ਪੁਸਤਕ ਪਹਿਲਾਂ 2014 ਵਿੱਚ "ਪੱਥਰ 'ਤੇ ਲਕੀਰਾਂ" ਸਿਰਲੇਖ ਹੇਠ ਛਪ ਚੁੱਕੀ ਹੈ । ਇਸ ਵਿੱਚ ਸਮੁੱਚੇ ਪੰਜਾਬੀ ਸੱਭਿਆਚਾਰ ਦੀਆਂ ਝਲਕਾਂ ਉਪਲਬਧ ਹਨ । ਵਿਭਿੰਨ ਦ੍ਰਿਸ਼ਟੀਆਂ ਤੋਂ ਸੱਚੀ ਸੁੱਚੀ ਪੇਸ਼ਕਾਰੀ ਹੈ । ਘਰਾਂ , ਪਰਿਵਾਰਾਂ , ਮਿੱਤਰਾਂ - ਦੋਸਤਾਂ ਦੀਆਂ ਗੱਲਾਂ ਨੇ । ਰਾਜਿਆਂ , ਰਾਣਿਆਂ , ਅਫ਼ਸਰਾਂ , ਦਫ਼ਤਰਾਂ ਅਤੇ ਹਾਕਮਾਂ ਦੇ ਲਾਰਿਆਂ ਦੀਆਂ ਗੱਲਾਂ ਨੇ । ਧੋਖੇਬਾਜ਼ਾਂ , ਵਫ਼ਾਦਾਰਾਂ ਦੀਆਂ ਬਾਤਾਂ ਪਾਈਆਂ ਨੇ । ਹੱਟੀਆਂ , ਦੁਕਾਨਾਂ ਅਤੇ ਬਾਜ਼ਾਰਾਂ ਦੀਆਂ ਕਵਿਤਾਵਾਂ ਨੇ । ਸਿਹਤਮੰਦ , ਰੋਗੀਆਂ , ਬੀਮਾਰਾਂ ਦੀਆਂ ਬਾਤਾਂ ਨੇ । ਮਿਹਨਤੀਆਂ , ਹਿੰਮਤੀਆਂ , ਕਿਸਾਨਾਂ ਅਤੇ ਕਿਰਤੀਆਂ ਨੂੰ ਉਪਮਾਇਆ ਹੈ । ਵੋਟਾਂ ਪਾ ਕੇ ਚੁਣੀਆਂ ਸਰਕਾਰਾਂ , ਉਨ੍ਹਾਂ ਦੇ ਕਿਰਦਾਰਾਂ ਦੀਆਂ ਗੱਲਾਂ ਨੇ , ਕੰਮਾਂ- ਧੰਦਿਆਂ , ਵਿਉਪਾਰਾਂ ਤੇ ਨਕਦ-ਉਧਾਰਾਂ ਦੀਆਂ ਬਾਤਾਂ ਨੇ ; ਅਤਿ ਦੇ ਗ਼ਰੀਬਾਂ , ਰੱਜੇ-ਪੁੱਜੇ ਸਰਦਾਰਾਂ ਦੀਆਂ ਗੱਲਾਂ ਨੇ , ਛੁਰੀਆਂ , ਤਲਵਾਰਾਂ ਤੇ ਹਥਿਆਰਾਂ ਦੇ ਦ੍ਰਿਸ਼ ਨੇ ; ਸਰਦੀਆਂ , ਗਰਮੀਆਂ , ਮੀਂਹ ਦੀਆਂ ਫੁਹਾਰਾਂ ਦੀਆਂ ਬਾਤਾਂ ਨੇ ; ਕਿਸਾਨਾਂ , ਕਿਰਤੀਆਂ ਨੂੰ ਪੈਂਦੀਆਂ ਮਾਰਾਂ ਨੇ ; ਨਫ਼ਰਤਾਂ , ਇਸ਼ਕਾ-ਮੁਸ਼ਕਾਂ , ਪਿਆਰਾਂ ਦੀਆਂ ਬਾਤਾਂ ਨੇ । ਗੱਲ ਕੀ ਹਰ ਕਿਸਮ ਦੇ ਵਿਵਹਾਰਾਂ ਦੀਆਂ ਗੱਲਾਂ ਨੇ । ਭੂਤਕਾਲ ਅਤੇ ਵਰਤਮਾਨ ਦੀਆਂ ਸਚਾਈਆਂ ਲਾਹੇਵੰਦ ਹੋਣ ਦੀਆਂ ਸੰਭਾਵਨਾਵਾਂ ਰੱਖਦੀਆਂ ਨੇ । ਪੀ.ਬੀ Shelley ਦਾ ਅਜਿਹੇ ਕਾਵਿ ਸੰਗ੍ਰਹਿ ਬਾਰੇ ਕਥਨ ਢੁਕਵਾਂ ਹੈ , We ਲੋਕ before and after and ipne for whati s ਨੋਟ .

ਮੂਲ ਚੰਦ ਸ਼ਰਮਾ ਦੇ ਇਸ ਕਾਵਿ ਸੰਗ੍ਰਹਿ ਨੂੰ ਲਿਖਣ ਦੇ ਕਿੱਤੇ ( ਕਸਬ-ਨਾਮਾ ) ਅਨੁਸਾਰ ਵੀ ਵਿਚਾਰਨਾ ਬਣਦਾ ਹੈ , ਇਸ ਕਾਵਿ ਸੰਗ੍ਰਹਿ ਨੂੰ ਕਸੀਦਾ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ "ਬੰਦੇ ਨੂੰ ਇਨਸਾਨ" ਬਣਾਉਂਣ ਦੇ ਮਨੋਰਥ ਨਾ਼ਲ ਲਿਖਿਆ ਹੈ । ਕੋਈ ਵੀ ਪੁਸਤਕ ਜਿਹੜੀ ਕਿਸੇ ਖਾਸ ਮੰਤਵ ਲਈ ਲਿਖੀ ਜਾਂਦੀ ਹੈ "ਕਸੀਦਾ" ਹੀ ਤਾਂ ਅਖਵਾ ਸਕਦੀ ਹੈ ।

ਇਹ ਸਾਰਾ ਕਾਵਿ ਸੰਗ੍ਰਹਿ "caupidAW , cauquikAW , caubrigAW ( Quatrian ) ਵਿੱਚ ਸਿਰਜਿਆ ਗਿਆ ਹੈ ।

ਮੂਲ ਚੰਦ ਸ਼ਰਮਾ ਨੇ ਸਿਆਣਿਆਂ ਦਿਆਂ ਅਖਾਣਾਂ , ਮੁਹਾਵਰਿਆਂ ਤੋਂ ਬਿਨਾਂ ਆਪਣੇ ਅਨੁਭਵ ਦੇ ਆਧਾਰ 'ਤੇ ਵੀ ਬੜੀਆਂ ਸਿਆਣੀਆਂ ਗੱਲਾਂ ਕੀਤੀਆਂ ਹਨ । ਮਸਲਨ : ਕਾਲਖ਼ ਖੱਟੀਏ ਨਾ ਆਪਣੇ ਮਾਪਿਆਂ ਲਈ - ਪੰਨਾਂ 08 , ਘਰ ਔਰਤ ਨਾ਼ਲ ਹੀ ਸੋਭਦੇ ਨੇ - ਪੰਨਾਂ 13 , ਰੁੱਸਣ ਵਾ਼ਲੇ ਨੂੰ ਮੰਨਣ ਦਾ ਦੇਈਏ ਮੌਕਾ - ਪੰਨਾਂ 14 , ਰਿਸ਼ਤੇ ਧੀਆਂ ਦੇ ਕਰੀਏ ਪੜਤਾਲ ਕਰਕੇ - ਪੰਨਾਂ 21 , ਹੁੰਦੇ ਵਰਤਮਾਨ , ਭਵਿੱਖ ਚੰਗੇ , ਜਿਨ੍ਹਾਂ ਲੋਕਾਂ ਦੇ ਚੰਗੇ ਅਤੀਤ ਹੁੰਦੇ - ਪੰਨਾਂ 30 ; ਬਿਨਾਂ ਕਹੇ ਤੋਂ ਜਾਣ ਦਾ ਹੱਕ ਹੁੰਦਾ , ਘੜੀ ਹੋਵੇ ਜੇ ਕਿਸੇ ਘਰ ਸੋਗ ਵਾ਼ਲੀ - ਪੰਨਾਂ 34 ; ਮਿ਼ਲਦੀ ਵਹਿਮ ਦੀ ਨਹੀਂ ਦਵਾਈ ਲੋਕੋ - ਪੰਨਾਂ 45 ; ਜਿਹੜੇ ਮਿਹਨਤ ਦੇ ਵਿੱਚ ਵਿਸ਼ਵਾਸ਼ ਕਰਦੇ , ਕਿਸਮਤ ਉਨ੍ਹਾਂ ਉੱਤੇ ਮਿਹਰਬਾਨ ਹੁੰਦੀ - ਪੰਨਾਂ 53 , ਨੈੱਟਵਰਕ ਦੇ ਨਾ਼ਲ ਜੇ ਕੰਮ ਕਰੀਏ , ਕਈ ਗੁਣਾਂ ਕਮਾਈ ਹੈ ਵਧ ਜਾਂਦੀ - ਪੰਨਾਂ 57 , ਸੁਖੀ ਰਹਿਣ ਦੇ ਬਹੁਤ ਆਸਾਨ ਨੁਸਖੇ , ਖਾਣਾ ਪਹਿਨਣਾ ਰਹਿਣਾ ਜੇ ਹੋਵੇ ਸਾਦਾ - ਪੰਨਾਂ 100 ,

ਇਸ ਸੰਗ੍ਰਹਿ ਦੀਆਂ ਹੋਰ ਫੁਟਕਲ ਵਿਸ਼ੇਸ਼ਤਾਈਆਂ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਸਕਦੀ ਹੈ ।

( 1 ) ਸੱਚ ਕਿਹਾ ਸਿਆਣਿਆਂ ਬੰਦਿਆਂ ਨੇ - ਭਾਵ ਆਖ਼ਰੀ ਤੁਕ ਦੀ ਪੇਸ਼ਕਾਰੀ ਕਰਦਿਆਂ ਅਖਾਣਾਂ - ਮੁਹਾਵਰਿਆਂ ਦੇ ਰਾਹੀਂ ਜ਼ਿਆਦਾਤਰ ਕਵਿਤਾਇਆ ਗਿਆ ਹੈ । ਕੇਵਲ ਕੁੱਝ ਉਦਾਹਰਨਾਂ ਵੇਖੋ :

*ਹੀਲੇ ਰਿਜਕ ਬਹਾਨੇ ਨਾ਼ਲ ਮੌਤ ਹੁੰਦੀ 12
*ਦੁੱਧ ਬਾਝ ਨਾ ਰਿੱਝਦੀ ਖੀਰ ਮੀਆਂ 13
*ਚਾਦਰ ਵੇਖ ਕੇ ਪੈਰ ਪਸਾਰੀਏ ਜੀ 19
*ਵਿਗੜੇ ਤਿਗੜਿਆਂ ਦਾ ਡੰਡਾ ਪੀਰ ਹੁੰਦਾ 23
*ਜੋਗੀ ਘਰ ਦਾ ਹੁੰਦਾ ਹੈ ਜੋਗੜਾ ਜੀ 25
*ਇੱਕ 'ਕੱਲਾ ਤੇ ਦੋ ਗਿਆਰਾਂ ਹੁੰਦੇ 31

**(ਬਾਕੀ ਸਫਾ 15 ਤੇ)**

# "ਬੰਦੇ ਤੋਂ ਇਨਸਾਨ" ਪੁਸਤਕ ਦਾ ਮੁਲਾਂਕਣ

*ਦੁਨੀਆਂ ਗਿਰਗਿਟ ਵਾਂਗੂੰ ਰੰਗ ਬਦਲਦੀ ਏ 37
*ਡੱਡੂ ਟੋਬੇ ਦੇ ਸਦਾ ਗਵਾਹ ਹੁੰਦੇ 42
*ਲੂਣ ਖਾ ਕੇ ਨਾ ਕਦੇ ਹਰਾਮ ਕਰੀਏ 54
*ਸੌ ਹੱਥ ਰੱਸਾ ਸਿਰੇ 'ਤੇ ਗੰਢ ਮੀਆਂ 58
*ਕਈ ਗੱਡੇ ਨਾਲ਼ ਕੱਟਾ ਬੰਨ੍ਹ ਟਾਲ਼ ਦਿੰਦੇ 67
*ਕਦੇ ਵਾੜ ਵੀ ਖੇਤ ਨੂੰ ਖਾ ਜਾਂਦੀ 70
*ਟੁੱਟੀ ਯਾਰੀ ਤੋਂ ਪੁੱਟੀ ਜੁਗਾਠ ਜਾਂਦੀ 74
*ਪਿੰਡ ਪਰਖਿਆ ਜਾਵੇ ਗੁਹਾਰਿਆਂ ਤੋਂ 83
*ਫਾਹਾ ਲਈਏ ਨਾ ਅੱਡੀਆਂ ਚੁੱਕ ਕੇ ਜੀ 94
*ਮਾਂ ਵੀ ਦੁੱਧ ਨਾ ਦੇਵੇ ਜੇ ਵਿਲਕੀਏ ਨਾ 102
*ਸੌ ਸੁਨਿਆਰ ਤੇ ਇੱਕ ਲੁਹਾਰ ਮਾਰੇ 106
*ਗੌਂ ਗਧੇ ਨੂੰ ਬਾਪ ਕਹਾ ਦਿੰਦੇ 108

( 02 ) ਇਤਿਹਾਸਕਾਰੀ ਦਾ ਪ੍ਰਯੋਗ ਵੀ ਹੈ - ਮਸਲਨ ,
ਜੀਹਨੂੰ ਤੇਗ ਤਲਵਾਰ ਨਾ ਮਾਰ ਸਕਦੀ ,
ਔਰੰਗਜ਼ੇਬ ਜਿਉਂ ਕਲਮ ਦਾ ਵਾਰ ਮਾਰੇ।
ਪੰਨਾਂ 106

ਇਹ ਦਸਮ ਪਿਤਾ ਜੀ ਦੇ ਜ਼ਫ਼ਰਨਾਮੇ ਵੱਲ ਸੰਕੇਤ ਹੈ ।

( 03 ) ਵਿਅੰਗ ਵੀ ਥਾਂ ਪੁਰ ਥਾਂ ਹੈ - ਮਸਲਨ
*ਅੱਜ ਕੱਲ੍ਹ ਦੇ ਰਾਂਝੇ ਦੀ ਸੋਚ ਬਣ 'ਗੀ ,
ਚੂਰੀ ਖਾਈਂ ਜਾਈਏ ਮੱਝੀਆਂ ਚਾਰੀਏ ਨਾ।
*ਬੁੱਢੀ ਘੋੜੀ ਲਾਲ ਲਗਾਮ ।
*ਗੰਜੀ ਨੂੰ ਕੰਘੀ ਵੇਚ ਜਾਂਦੇ ।

( 04 ) ਗ਼ਜ਼ਲ ਦੀ ਵਿਧਾ ਦਾ ਅਨੁਕਰਨ ਕਰਦਿਆਂ ਮੁਸਲਸਲ ਅਤੇ ਗੈਰ ਮੁਸਲਸਲ ਵਿਧੀ ਅਪਨਾਈ ਗਈ ਹੈ ।
ਮੁਸਲਸਲ ਦੀ ਉਦਾਹਰਨ ਵੇਖੋ
ਇਹ ਉਹ ਕਾਵਿ ਟੁਕੜੀ ( ਚੌਬਰਗਾ ) ਜਾਂ ਗ਼ਜ਼ਲ ਹੁੰਦੀ ਹੈ , ਜਿਸ ਵਿੱਚ ਇੱਕੋ ਵਿਚਾਰ ਦਾ ਵਿਸਥਾਰ ਹੁੰਦਾ ਹੈ ।

*ਚਿੜੀ ਸੋਨੇ ਦੀ ਹੁੰਦਾ ਸੀ ਕਿਸੇ ਵੇਲੇ ,
ਸਾਡਾ ਸੋਹਣਾ ਇਹ ਹਿੰਦੋਸਤਾਨ ਲੋਕੋ।
ਲਗਰਾਂ ਵਰਗੀਆਂ ਸੋਹਣੀਆਂ ਧੀਆਂ ਭੈਣਾਂ,
ਸਰੂ ਵਰਗੇ ਸੀ ਛੈਲ ਜਵਾਨ ਲੋਕੋ ।
ਗਾਥਾ ਏਸ ਦੀ ਭਗਤ ਸਰਾਭਿਆਂ ਦੀ ,
ਹੁੰਦੀ ਸ਼ਬਦਾਂ ਵਿੱਚ ਨਹੀਂ ਬਿਆਨ ਲੋਕੋ ।
ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਸਾਡਾ ਵਿਰਸਾ ਹੈ ਬੜਾ ਮਹਾਨ ਲੋਕੋ ।

ਇਸ ਉਦਾਹਰਨ ਵਿੱਚ ਚਉਪਦੇ ਇੱਕੋ ਵਿਸ਼ੇ 'ਤੇ ਕੇਂਦਰਿਤ ਹਨ ।
ਹੁਣ ਗੈਰ ਮੁਸਲਸਲ ਦੀ ਮਿਸਾਲ ਵੇਖੋ :

*ਮਾੜਾ ਮੰਗਤਾ ਦਰਾਂ 'ਤੇ ਆ ਜਾਵੇ ,
ਓਹਨੂੰ ਕਦੇ ਨਿਰਾਸ਼ ਨਾ ਤੋਰੀਏ ਜੀ ।
ਭਾਵੇਂ ਚਾੜ੍ਹਨਾ ਹੋਵੇ ਭਗਵਾਨ ਅੱਗੇ ,
ਫੁੱਲ ਟਾਹਣੀ ਤੋਂ ਕਦੇ ਨਾ ਤੋੜੀਏ ਜੀ ।
ਦੁੱਧ ਪੱਥਰਾਂ ਭਲਾਂ ਦੱਸੋ ਕੀ ਪੀਣਾ ,
ਐਵੇਂ ਨਾਲ਼ੀਆਂ ਵਿੱਚ ਨਾ ਰੋੜ੍ਹੀਏ ਜੀ ।
ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਘਰੋਂ ਧੀਆਂ ਨੂੰ ਖ਼ਾਲੀ ਨਾ ਮੋੜੀਏ ਜੀ ।

ਇਸ ਚੌਤੁਕੀਏ ਵਿੱਚ ਮੰਗਤਿਆਂ , ਫੁੱਲਾਂ , ਦੁੱਧ ਅਤੇ ਧੀਆਂ ਬਾਰੇ ਵੱਖ ਵੱਖ ਵਿਚਾਰ ਹਨ । ਇਸ ਲਈ ਚਉਪਦਾ ਗੈਰ ਮੁਸਲਸਲ ਦੀ ਸ਼੍ਰੇਣੀ ਵਿੱਚ ਆਉਂਦਾ ਹੈ । ਚੇਤੇ ਰਹੇ ਕਿ ਇਸ ਸੰਗ੍ਰਹਿ ਵਿੱਚ ਜ਼ਿਆਦਾ ਚਉਪਦੇ ਗ਼ੈਰ ਮੁਸਲਸਲ ਹਨ ।
ਕਵੀ ਦੀਆਂ ਸਾਰੀਆਂ ਗੱਲਾਂ ਸੱਚ 'ਤੇ ਆਧਾਰਿਤ ਹਨ , ਖ਼ਰੀਆਂ ਹਨ ।
ਉਸ ਨੇ ਇਹ " ਸੱਚ ਕਿਹਾ ਸਿਆਣਿਆਂ ਬੰਦਿਆਂ ਨੇ " ਤੋਂ ਪਹਿਲਾਂ ਤਿੰਨਾਂ ਤੁਕਾਂ ਵਿੱਚ ਪੇਸ਼ ਕੀਤੀਆਂ ਜਾਪਦੀਆਂ ਹਨ ।

( 05 ) ਕਵੀ ਨੇ ਢੁਕਵੇਂ ਕਾਫ਼ੀਆਂ ਦੀ ਚੋਣ ਵਿੱਚ ਬਹੁਤ ਮਿਹਨਤ ਕੀਤੀ ਹੈ । ਅਜਿਹੀ ਚੋਣ ਹਰ ਕਵੀ ਦੇ ਵਸ ਦਾ ਰੋਗ ਨਹੀਂ । ਰਦੀਫ਼ਾਂ ਦਾ ਪ੍ਰਯੋਗ ਵੀ ਸਲਾਹੁਣਯੋਗ ਹੈ ।

( 06 ) ਇੰਜ ਜਾਪਦਾ ਹੈ ਜਿਵੇਂ ਅਟੱਲ ਸਚਾਈਆਂ ਪੇਸ਼ ਕਰਨ ਦੀ ਰੁਚੀ ਵਾਰਿਸ ਸ਼ਾਹ ਤੋਂ ਪ੍ਰਾਪਤ ਕੀਤੀ ਹੋਵੇ । ਇਸੇ ਲਈ ਤਾਂ ਉਹ ਲਿਖਦਾ ਹੈ :
*ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਵਾਰਿਸ ਸ਼ਾਹ ਵਰਗਾ ਕੋਈ ਸ਼ਾਇਰ ਨਈਓਂ।
*ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਵਿਰਲੇ ਸ਼ਾਇਰ ਹੁੰਦੇ ਵਾਰਿਸ ਸ਼ਾਹ ਵਰਗੇ ।

ਹੇਠਲੀ ਤੁਕ ਵਿੱਚ ਵੀ ਵਾਰਸ ਸ਼ਾਹ ਦਾ ਪ੍ਰਭਾਵ ਹੈ ।
ਵਾਰਿਸ ਨੇ ਲਿਖਿਆ ਹੈ :
*ਵਾਰਿਸ ਨੇ ਲਿਖਿਆ ਹੈ ਕਿ
ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ ,
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ ।
ਤੇ ਸ਼ਰਮਾ ਜੀ ਲਿਖਦੇ ਹਨ ਕਿ
*ਸੱਚ ਕਿਹਾ ਸਿਆਣਿਆਂ ਬੰਦਿਆਂ ਨੇ ,
ਆਪਣੀ ਆਦਤ ਤੋਂ ਬੰਦਾ ਨਾ ਬਾਜ ਆਉਂਦਾ।

ਤੇ ਆਪਣੀ ਪੁਸਤਕ ਦੇ ਸਿਰਲੇਖ ਬਾਰੇ ਇੰਜ ਢੁਕਵੀਂ ਗੱਲ ਕਰਦਾ ਹੈ :
*ਪੂਜਾ ਕਰਦੇ ਨੇ ਜਿਹੜੇ ਮਨੁੱਖਤਾ ਦੀ ,
ਉਨ੍ਹਾਂ ਲਈ ਇਨਸਾਨੀਅਤ ਹੀ ਜਾਤ ਹੁੰਦੀ।

ਸੰਖੇਪ ਇਹ ਕਿ ਇਹ ਕਾਵਿ ਸੰਗ੍ਰਹਿ ਵਿਵਿਹਾਰਕ ਉਦਾਹਰਨਾਂ ਸਹਿਤ ਬੰਦੇ ਨੂੰ ਇਨਸਾਨ ਬਣਨ ਲਈ ਪ੍ਰੇਰਨਾ ਦਾ ਸੋਮਾ ਹੋ ਨਿੱਬੜਿਆ ਹੈ ।
ਸਾਰੇ ਸੰਗ੍ਰਹਿ ਦਾ ਨਿਚੋੜ ਇਹ ਹੈ -
*ਕੀ ਕਰਨਾ ਚਾਹੀਦਾ ਹੈ - ਕੀ ਨਹੀਂ ਕਰਨਾ ਚਾਹੀਦਾ।

***What to do and what ਨੋਟ ਟੋ ਦੋ .**

**ਡਾ. ਧਰਮ ਚੰਦ ਵਾਤਿਸ਼ ਐੱਮ ਏ ( ਅੰਗਰੇਜ਼ੀ )**
**ਐੱਮ ਏ ( ਪੰਜਾਬੀ ਗੋਲਡਮੈਡਲਿਸਟ )**
**ਐੱਮ ਫਿਲ , ਪੀ ਐੱਚ ਡੀ ।**
**ਪੀ ਈ ਐੱਸ - 1 ( ਸੇਵਾ ਮੁਕਤ )**

# ਮੈਂ ਤਾਂ ਮਜ਼ਦੂਰ ਹਾਂ.....

ਨਾ ਤਾਂ ਸਾਰੇ ਪ੍ਰਵਾਸੀ ਨੇ ਗੁਨਾਹ ਕੀਤਾ। ਤੇ ਨਾਹੀਂ ਕੋਈ ਉਸ ਗੁਨਾਹ ਕਰਨ ਵਾਲੇ ਦੇ ਹੱਕ ਵਿੱਚ ਹੈ। ਅੱਜ ਫਿਰ ਤੋਂ ਪੰਜਾਬ ਉਨ੍ਹਾਂ ਫ਼ਿਰਕੂ ਤਾਕਤਾਂ ਨਾਲ ਲੜ ਰਿਹਾ ਹੈ ਜਿਨ੍ਹਾਂ ਤਾਕਤਾਂ ਨੇ ਕਦੇ ਦੇਸ਼ ਨੂੰ ਅੱਗਾਂ ਲਾਈਆਂ, ਗਲਾਂ 'ਚ ਟਾਇਰ ਪਾ-ਪਾਕੇ ਬੇਕਸੂਰ ਸਿੱਖਾਂ ਨੂੰ ਸਾੜਿਆ।



ਅਸੀਂ ਬਦਫੈਲੀਆਂ, ਬਲਾਤਕਾਰੀ, ਗੁੰਡੇ, ਕਾਤਲਾਂ ਦੇ ਹੱਕ ਵਿੱਚ ਨਹੀਂ, ਬਲਕਿ ਅਸੀਂ ਰੋਜ਼ੀ ਰੋਟੀ ਖਾਤਰ ਘਰਾਂ ਨੂੰ ਛੱਡ ਸਾਡੇ ਖੇਤਾਂ, ਮੰਡੀਆਂ, ਫੈਕਟਰੀਆਂ, ਬਜ਼ਾਰਾਂ, ਵਿਆਹਾਂ, ਦੁਕਾਨਾਂ 'ਚ ਮਜ਼ਦੂਰੀ ਕਰਨ ਆਏ ਲੋਕਾਂ ਦੇ ਹਮਾਇਤੀ ਹਾਂ। ਜਿਨ੍ਹਾਂ ਦੀਆਂ ਔਰਤਾਂ ਵੀ ਸਾਡੇ ਖੇਤਾਂ, ਘਰਾਂ 'ਚ ਕੰਮ ਕਰਦੀਆਂ।

ਕੌਣ ਹਨ ਉਹ ਲੋਕ, ਜਿਹੜੇ ਕਹਿੰਦੇ ਪੰਜਾਬੀਆਂ ਨੂੰ ਪ੍ਰਵਾਸੀਆਂ ਤੋਂ ਖ਼ਤਰਾ ?

ਸਾਨੂੰ ਪ੍ਰਵਾਸੀਆਂ ਤੋਂ ਨਹੀਂ, ਬਲਕਿ ਹਜ਼ਾਰਾਂ ਪੰਜਾਬੀਆਂ ਵੱਲੋਂ ਕੀਤੇ ਜਾਂਦੇ ਹਜ਼ਾਰਾਂ ਅਪਰਾਧ ਮਗਰੋਂ ਇੱਕ ਪ੍ਰਵਾਸੀ ਦੇ ਕੀਤੇ ਅਪਰਾਧ 'ਤੇ ਹਿੰਸਕ ਹੋਕੇ ਹਿੰਸਾ ਫੈਲਾਉਣ, ਸਮੁੱਚੇ ਤਬਕੇ ਨੂੰ ਜ਼ਲੀਲ ਕਰਕੇ ਪੰਜਾਬ 'ਚੋਂ ਕੱਢਣ ਵਾਲੀਆਂ ਫ਼ਿਰਕੂ ਤਾਕਤਾਂ ਤੋਂ ਖ਼ਤਰਾ ਹੈ।

ਦਿੱਲੀ ਕਿਸਾਨੀ ਅੰਦੋਲਨ ਸਮੇਂ ਕਿਸਾਨੀ ਅੰਦੋਲਨ ਬਹੁਤ ਵਧੀਆ ਬਿਨਾਂ ਹਿੰਸਕ ਹੋਇਆ ਸੰਸਾਰ ਪੱਧਰ 'ਤੇ ਅੱਗੇ ਵਧਦਾ ਜਾ ਰਿਹਾ ਸੀ। ਕਿਸੇ ਨੂੰ ਲੱਗਿਆ ਕਿ ਇਸਨੂੰ ਰੋਕਿਆ ਜਾਵੇ। ਉਦੋਂ ਹੀ (ਨਾ ਹੋਈ) ਬੇਅਦਬੀ ਦੇ ਨਾਮ ਹੇਠ ਮਾਤੜ ਜਿਹੇ ਮੰਦਬੁੱਧੀ ਬੰਦੇ ਦਾ ਸਿੰਘੂ ਬਾਰਡਰ 'ਤੇ ਕਤਲ ਕੀਤਾ ਗਿਆ। ਨਾਲ ਹੀ ਨੈਸ਼ਨਲ ਗੋਦੀ ਮੀਡੀਆ, 'ਤੇ ਪੰਜਾਬ 'ਚ ਫਿਰਕੂਵਾਦ ਦੇ ਭੜਕਦੇ ਤੱਤ ਐਕਟਿਵ ਹੋ ਗਏ। ਭਾਵ ਕਿ ਕਿਸਾਨੀ ਅੰਦੋਲਨ ਨੂੰ ਤਾਰਪੀਡੋ ਕਰਨ ਲਈ ਸਭ ਕੀਤਾ ਗਿਆ ਸੀ। ਓ ਤਾਂ ਧੰਨਵਾਦ ਕਰਨਾ ਬਨਦਾ ਟ੍ਰਿਬਿਊਨ ਦੇ ਪੱਤਰਕਾਰ ਜੁਪਿੰਦਰਜੀਤ ਦਾ ਜਿਸਨੇ ਭਾਜਪਾ ਦੇ ਹੱਥਠੋਕੇ ਬਣਕੇ ਤੋਮਰ ਨਾਲ ਮੀਟਿੰਗਾਂ ਕਰਨ ਵਾਲਿਆਂ ਦੀਆਂ ਫੋਟੋਆਂ ਨਸ਼ਰ ਕਰਕੇ ਅੰਦੋਲਨ ਨੂੰ ਮੁੜ ਸਹੀ ਥਾਂ ਲਿਆਂਦਾ।

ਅਜਿਹਾ ਹੀ ਕੁਝ ਇਸ ਸਮੇਂ ਪੰਜਾਬ 'ਚ ਹੋਇਆ। 'ਲੈਂਡ ਪੂਲਿੰਗ ਨੀਤੀ' ਰੱਦ ਕਰਾਉਣ ਦੀ ਜੰਗ ਜਿੱਤਣ ਤੋਂ ਬਾਅਦ ਪੰਜਾਬ ਦਾ ਵੱਡਾ ਹਿੱਸਾ ਹੜਾਂ ਦੀ ਮਾਰ ਹੇਠ ਆਇਆ। ਪੂਰਾ ਪੰਜਾਬ ਡਟਕੇ ਹੜ ਪੀੜਤਾਂ ਨਾਲ ਖੜਿਆ। ਸਰਕਾਰ ਨੂੰ ਸਵਾਲਾਂ ਦੇ ਕਟਿਹਰੇ 'ਚ ਖੜਾਉਣਾ ਸ਼ੁਰੂ ਕੀਤਾ, ਨੁਕਸਾਨ ਦੇ ਮੁਆਵਜ਼ੇ ਦੀ ਮੰਗ ਉੱਠਣ ਲਈ। ਅਚਾਨਕ ਹੀ ਬੱਚੇ ਦੇ ਕਤਲ ਦਾ ਮਾਮਲਾ ਭਖਦਾ ਹੈ। ਹੈਰਾਨੀ ਦੀ ਗੱਲ ਇਹ ਸੀ ਕਤਲ ਦੇ ਦੋਸ਼ੀ ਨੂੰ ਸਖ਼ਤ ਸਜ਼ਾ ਮਿਲੇ ਇਸਤੇ ਨਾਂਮਾਤਰ ਗੱਲ ਹੋਈ, ਸਮੁੱਚੇ ਪ੍ਰਵਾਸੀਆਂ ਖ਼ਿਲਾਫ਼ ਪੰਜਾਬ ਭਰ 'ਚ 'ਭੱਈਏ ਭਜਾਓ' ਦੀ ਅਖੌਤੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਬਚੋ! ਸਮਝੋ! ਰੁਕੋ!



**ਜੋਰਾ ਸਿੰਘ ਬਨੂੜ**

# ਨਾਮਵਰ ਗ਼ਜ਼ਲਕਾਰ ਮੁਹੰਮਦ ਅਸ਼ਰਫ਼ ਨਾਲ ਸਾਹਿਤਕ ਮਿਲਣੀ 28 ਸਤੰਬਰ ਨੂੰ

## ਰਜਿੰਦਰ ਸਿੰਘ ਰਾਜਨ ਦਾ ਬਾਲ ਕਹਾਣੀ-ਸੰਗ੍ਰਹਿ 'ਏਕਮ' ਹੋਵੇਗਾ ਲੋਕ ਅਰਪਣ

**ਸੰਗਰੂਰ, (ਰਮੇਸ਼ਵਰ ਸਿੰਘ)** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ ਸਹੀ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਉਰਦੂ ਦੇ ਨਾਮਵਰ ਗ਼ਜ਼ਲਕਾਰ ਮੁਹੰਮਦ ਅਸ਼ਰਫ਼ ਨਾਲ ਸਾਹਿਤਕ ਮਿਲਣੀ ਰੱਖੀ ਗਈ ਹੈ। ਉਹ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਉਰਦੂ ਵਿਭਾਗ ਦੇ ਮੁਖੀ ਹਨ ਅਤੇ ਉਨ੍ਹਾਂ ਦੀ ਕਲਮ ਤੋਂ ਤਿੰਨ ਮੌਲਿਕ, ਨੌਂ ਅਨੁਵਾਦਿਤ ਤੇ ਸੰਪਾਦਿਤ, ਪੰਜ ਲਿੱਪੀਅੰਤਰ ਤੇ ਸੰਪਾਦਿਤ ਅਤੇ ਤਿੰਨ ਸੰਪਾਦਿਤ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਇਸ ਸਮਾਗਮ ਵਿੱਚ ਜੁਝਾਰੂ ਲੇਖਕ ਰਜਿੰਦਰ ਸਿੰਘ ਰਾਜਨ ਦਾ ਬਾਲ ਕਹਾਣੀ-ਸੰਗ੍ਰਹਿ 'ਏਕਮ' ਲੋਕ ਅਰਪਣ ਕੀਤਾ ਜਾਵੇਗਾ, ਜਿਨ੍ਹਾਂ ਦੇ ਹੁਣ ਤੱਕ ਤਿੰਨ ਕਾਵਿ-ਸੰਗ੍ਰਹਿ, ਤਿੰਨ ਬਾਲ ਸਾਹਿਤ ਦੀਆਂ ਪੁਸਤਕਾਂ ਅਤੇ ਦੋ ਸੰਪਾਦਿਤ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਸਮਾਗਮ ਦੀ ਪ੍ਰਧਾਨਗੀ ਡਾ. ਮੀਤ ਖਟੜਾ ਕਰਨਗੇ ਅਤੇ ਮੁੱਖ ਮਹਿਮਾਨ ਵਜੋਂ ਨਾਵਲਕਾਰ ਸੁਖਵਿੰਦਰ ਸਿੰਘ ਬਾਲੀਆਂ ਸ਼ਾਮਲ ਹੋਣਗੇ। ਇਸ ਮੌਕੇ ਕਵੀ ਦਰਬਾਰ ਵੀ ਹੋਵੇਗਾ।






# ਪੈਨਸ਼ਨਰਜ਼ ਵੈਲਫ਼ੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਹੋਈ

● ਬੈਂਕ ਅਧਿਕਾਰੀ ਵੱਲੋਂ ਕੀਮਤੀ ਜਾਣਕਾਰੀ ਸਾਂਝੀ ਕੀਤੀ ਗਈ ● ਹੜ੍ਹ ਪੀੜਤਾਂ ਲਈ ਮੌਕੇ 'ਤੇ 35000 ਰੁਪਏ ਇਕੱਠੇ ਕੀਤੇ






**ਧੂਰੀ (ਰਮੇਸ਼ਵਰ ਸਿੰਘ)** ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਰਜਿ:1180) ਧੂਰੀ ਵੱਲੋਂ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸੁਖਦੇਵ ਸ਼ਰਮਾ, ਸਕੱਤਰ ਅਮਰਜੀਤ ਸਿੰਘ, ਜਸਦੇਵ ਸਿੰਘ, ਰਮੇਸ਼ ਸ਼ਰਮਾ, ਚਰਨਜੀਤ ਸਿੰਘ ਕੈਂਥ, ਇੰਦਰਜੀਤ ਸ਼ਰਮਾ ਅਤੇ ਗੁਰਦਾਸ ਬਾਂਸਲ ਦੀ ਅਗਵਾਈ ਹੇਠ ਸਥਾਨਕ ਦਫ਼ਤਰ ਵਿਖੇ ਹੋਈ । ਮੀਟਿੰਗ ਦੀ ਸ਼ੁਰੂਆਤ ਮੌਕੇ ਪਿਛਲੀ ਮੀਟਿੰਗ ਤੋਂ ਬਾਅਦ ਸਦੀਵੀ ਵਿਛੋੜਾ ਦੇ ਗਏ ਪੈਨਸ਼ਨਰ , ਉਹਨਾਂ ਦੇ ਨਜ਼ਦੀਕੀਆਂ ਅਤੇ ਹੜ੍ਹਾਂ ਦੀ ਭਿਅੰਕਰ ਤਬਾਹੀ ਦਾ ਸ਼ਿਕਾਰ ਹੋਏ ਵਿਅਕਤੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਦਾ ਮੌਨ ਰੱਖਿਆ ਗਿਆ। ਅੱਜ ਦੀ ਮੀਟਿੰਗ ਦੌਰਾਨ ਸਟੇਟ ਬੈਂਕ ਆਫ਼ ਇੰਡੀਆ (ਬੈਂਕ ਰੋਡ) ਦੇ ਡਿਪਟੀ ਮੈਨੇਜਰ ਦਵਿੰਦਰ ਸਿੰਘ ਨੇ ਪੈਨਸ਼ਨਰਾਂ ਦੇ ਬੈਂਕ ਨਾਲ ਪੈਨਸ਼ਨ ਸੰਬੰਧੀ ਕੰਮਾਂ ਬਾਰੇ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ । ਉਹਨਾਂ ਬੈਂਕ ਵੱਲੋਂ ਭਰੋਸਾ ਦਿਵਾਇਆ ਕਿ ਪੈਨਸ਼ਨਰਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰਨ ਲਈ ਸਮੂਹ ਸਟਾਫ਼ ਹਮੇਸ਼ਾ ਤਤਪਰ ਹੈ। ਉਹਨਾਂ ਇਸ ਮੌਕੇ ਪੈਨਸ਼ਨਰਾਂ ਦੀਆਂ ਸਮਸਿਆਵਾਂ ਨੂੰ ਵੀ ਧਿਆਨ ਨਾਲ ਸੁਣਿਆ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ । ਇਸ ਮੌਕੇ ਪ੍ਰਧਾਨ ਸੁਖਦੇਵ ਸ਼ਰਮਾ ਨੇ ਡਿਪਟੀ ਮੈਨੇਜਰ ਦਵਿੰਦਰ ਸਿੰਘ ਦਾ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚਣ ਅਤੇ ਕੀਮਤੀ ਜਾਣਕਾਰੀ ਸਾਂਝੀ ਕਰਨ ਲਈ ਸਮੂਹ ਪੈਨਸ਼ਨਰਾਂ ਵੱਲੋਂ ਧੰਨਵਾਦ ਕੀਤਾ।

ਉਪਰੰਤ ਮੂਲ ਚੰਦ ਸ਼ਰਮਾ ਨੇ ਹੜ੍ਹਾਂ ਦੀ ਤਬਾਹੀ ਨੂੰ ਬਿਆਨ ਕਰਦਾ ਅਪਣਾ ਗੀਤ ਤਰੰਨਮ ਵਿੱਚ ਪੇਸ਼ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿੱਚ ਪ੍ਰਧਾਨ ਸੁਖਦੇਵ ਸ਼ਰਮਾ ਨੇ ਬੀਤੇ ਦਿਨੀਂ ਹੋਈ ਸੂਬਾ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਪੇਸ਼ ਕੀਤੀ ਅਤੇ ਸੂਬਾ ਕਮੇਟੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਉਲੀਕੇ ਜਾਣ ਵਾਲੇ ਸੰਘਰਸ਼ ਦੀ ਰੂਪ ਰੇਖਾ ਸਾਂਝੀ ਕੀਤੀ । ਉਹਨਾਂ ਸੂਬਾ ਕਮੇਟੀ ਵੱਲੋਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਫੰਡ ਇਕੱਤਰ ਕਰਨ ਲਈ ਅਪੀਲ ਨੂੰ ਭਰਵਾਂ ਹੁੰਗਾਰਾ ਦੇਣ ਦੀ ਬੇਨਤੀ ਕੀਤੀ, ਜਿਸ 'ਤੇ ਮੀਟਿੰਗ ਵਿੱਚ ਹਾਜ਼ਰ ਪੈਨਸ਼ਨਰਾਂ ਨੇ ਤੁਰੰਤ ਅਮਲ ਕਰਦੇ ਹੋਏ 35000(ਪੈਂਤੀ ਹਜ਼ਾਰ) ਰੁਪਏ ਦੀ ਸਹਾਇਤਾ ਮੌਕੇ 'ਤੇ ਇਕੱਠੀ ਕੀਤੀ। ਮੀਟਿੰਗ ਦੌਰਾਨ ਪੈਨਸ਼ਨਰ ਆਗੂ ਸਤੀਸ਼ ਸ਼ਰਮਾ, ਜਸਦੇਵ ਸਿੰਘ, ਜਸਵੰਤ ਰਾਏ ਗੁਪਤਾ, ਰਤਨ ਸਿੰਘ ਭੰਡਾਰੀ, ਮੇਜਰ ਸਿੰਘ ਲੈਕਚਰਾਰ, ਜੈ ਭਗਵਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ।ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਇਹ ਮੀਟਿੰਗ ਬਹੁਤ ਹੀ ਪ੍ਰਭਾਵਸ਼ਾਲੀ ਰਹੀ । ਇਸ ਮੀਟਿੰਗ ਵਿੱਚ ਸਾਲਾਨਾ ਪੈਨਸ਼ਨਰ ਦਿਹਾੜੇ ਨੂੰ ਪਹਿਲਾਂ ਵਾਂਗ ਹੀ ਮੰਗਲਾ ਆਸ਼ਰਮ (ਗਊ ਸ਼ਾਲਾ) ਵਿਖੇ ਧੂਮ ਧਾਮ ਨਾਲ ਮਨਾਉਣ ਦਾ ਫੈਸਲਾ ਕੀਤਾ ਗਿਆ । ਇਸ ਬਾਰੇ 75 ਸਾਲਾ ਸਨਮਾਨਿਤ ਹੋਣ ਵਾਲੇ ਪੈਨਸ਼ਨਰਾਂ ਨੂੰ ਸੁਨੇਹੇ ਲਾਉਣ ਲਈ ਡਿਊਟੀਆਂ ਲਾਈਆਂ ਗਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੀਤਮ ਸਿੰਘ, ਪ੍ਰੋਫੈਸਰ ਮਦਨ ਲਾਲ, ਜੀਤ ਸਿੰਘ ਭਲਵਾਨ, ਕਰਮਜੀਤ ਸਿੰਘ ਮਡਾਹਰ, ਕਰਮ ਸਿੰਘ ਢੀਂਡਸਾ, ਜੈ ਭਗਵਾਨ ਦਾਸ, ਨਿਰਮਲ ਸਿੰਘ , ਭਜਨ ਸਿੰਘ ਰੰਗੀਆਂ, ਦਰਸ਼ਨ ਸਿੰਘ ਧਾਂਦਰਾ , ਭਗਵਾਨ ਸਿੰਘ ਰਟੋਲ , ਕਰਮ ਸਿੰਘ ਢੀਂਡਸਾ, ਸਰਬਜੀਤ ਸਿੰਘ ਮੀਮਸਾ, ਫ਼ਕੀਰ ਸਿੰਘ, ਪ੍ਰਿੰਸੀਪਲ ਸੀਤਾ ਸਿੰਘ, ਅਮਰਜੀਤ ਗੋਇਲ, ਨਛੱਤਰ ਸਿੰਘ ਦਿਓਲ, ਜੋਗਿੰਦਰ ਸਿੰਘ ਪੁੰਨਾਵਾਲ, ਜਾਗਰ ਸਿੰਘ, ਸ਼ਿਆਮ ਸਿੰਘ ਮੂਲੋਵਾਲ, ਜਨਕ ਰਾਜ ਸ਼ਰਮਾ,ਰਾਮ ਲਾਲ, ਕਰਮਜੀਤ ਸਿੰਘ, ਤੇਜਾ ਸਿੰਘ, ਆਤਮਾ ਸਿੰਘ ਘਨੌਰ, ਕਰਮਜੀਤ ਸਿੰਘ, ਮੱਘਰ ਸਿੰਘ, ਓਂਕਾਰ ਸ਼ਰਮਾ, ਮਨੋਹਰ ਲਾਲ ਬਰਡਵਾਲ, ਤਰਲੋਚਨ ਸਿੰਘ, ਹਰਚਰਨ ਸਿੰਘ, ਨਿਰਮਲ ਸਿੰਘ ਪੰਜਾਬ ਪੁਲਿਸ , ਮੁਖਤਿਆਰ ਸਿੰਘ, ਕਰਨੈਲ ਸਿੰਘ, ਗੁਰਚਰਨ ਸਿੰਘ, ਸੋਮ ਨਾਥ ਅੱਤਰੀ, ਬਲਦੇਵ ਸਿੰਘ ,ਜੋਰਾ ਸਿੰਘ, ਮੱਘਰ ਸਿੰਘ, ਧਰਮਪਾਲ ਸਿੰਘ ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

for more news visit:
www.samajweekly.com

# ਸੁੰਨਾ ਵਿਹੜਾ

– ਰਮੇਸ਼ ਸੇਠੀ ਬਾਦਲ

ਰਾਤ ਦੀਆਂ ਬਚੀਆਂ ਰੋਟੀਆਂ ਬਾਹਰ ਗਲੀ ਵਿੱਚ ਗਊ ਕੁੱਤੇ ਨੂੰ ਪਾਉਣ ਗਈ ਤਾਂ ਮੈਂ ਵੇਖਿਆ ਰਾਤ ਵਾਲੀ ਗੋਭੀ ਅਤੇ ਹੋਰ ਸਬਜ਼ੀ ਦੇ ਛਿਲਕੇ ਵੀ ਉਸੇ ਤਰਾਂ ਪਏ ਸਨ। ਕਿਸੇ ਅਵਾਰਾ ਗਾਂ ਜਾ ਢੱਠੇ ਨੇ ਮੂੰਹ ਨਹੀ ਸੀ ਮਾਰਿਆ। ਅੰਦਰ ਆਕੇ ਵੇਖਿਆ ਤਾਂ ਸਵੇਰੇ ਪੰਛੀਆਂ ਲਈ ਖਿਲਾਰੀ ਬਾਜਰੀ ਵੀ ਉੱਜ ਹੀ ਪਈ ਸੀ। ਕੋਈ ਵੀ ਪੰਛੀ ਦਾਣਾ ਚੁਗਣ ਨਹੀ ਸੀ ਆਇਆ। ਕਹਿੰਦੇ ਕੁੜੀਆਂ ਤੇ ਚਿੜੀਆਂ ਤਾਂ ਖਤਮ ਹੋ ਗਈਆ। ਕੋਈ ਦਸਦਾ ਸੀ ਆਹ ਮੋਬ-ਾਇਲ ਟਾਵਰਾਂ ਨੇ ਚਿੜ੍ਹੀਆਂ ਤਾਂ ਬਿਲਕੁਲ ਮਾਰ ਹੀ ਦਿੱਤੀਆਂ। ਕਿਤੇ ਕਿਤੇ ਖੇਤਾਂ ਵਿੱਚ ਭਾਂਵੇ ਕੋਈ ਨਜਰ ਆਜੇ। ਤੇ ਕੁੜੀਆਂ ? ਕੁੜੀਆਂ ਨੂੰ ਦਹੇਜ ਤੇ ਘਰ ਦੀ ਇੱਜਤ ਹੀ ਨਿਗਲ ਗਈ। ਬਹੁਤੀਆਂ ਨੂੰ ਜਨਮ ਤੋ ਪਹਿਲਾ ਹੀ ਮਾਰ ਦਿੱਤਾ ਤੇ ਜੋ ਬਚੀਆਂ ਉਹਨਾ ਨੂੰ ਭਰਾਵਾਂ ਭਤੀਜਿਆਂ ਨੇ ਵਿਸਾਰ ਦਿੱਤਾ। ਬਸ ਜਿੰਨਾ ਚਿਰ ਮਾਂ ਪਿਉ ਜਿਉਂਦੇ ਸਨ ਧੀਆਂ ਜਿਉਦੀਆਂ ਸਨ ਤੇ ਫਿਰ ਉਹ ਤਾਂ ਸਮਝੋ ਮਰ ਹੀ ਗਈਆਂ।

ਹੁਣ ਤਾਂ ਕਦੇ ਬਨੇਰੇ ਤੇ ਕਾਂ ਵੀ ਨਹੀ ਬੋਲਦਾ। ਨਾ ਬਨੇਰੇ ਰਹੇ ਤੇ ਨਾ ਕਾਂ। ਉਸਨੂੰ ਯਾਦ ਆਇਆ ਜਦੋ ਉਹ ਛੋਟੀ ਹੁੰਦੀ ਸੀ ਤਾਂ ਕਈ ਵਾਰੀ ਬਨੇਰੇ ਤੇ ਬੈਠਾ ਕਾਂ ਚੁੱਲ੍ਹੇ ਨੇੜੇ ਪਾਈ ਘਿਉ ਵਾਲੀ ਕੋਲੀ ਚੁੱਕ ਕੇ ਲੈ ਜਾਂਦਾ। ਰੋਟੀ ਤਾਂ ਆਮ ਹੀ ਚੁੱਕ ਲਿਜਾਂਦਾ ਸੀ। ਜਦੋ ਕਾਂ ਬਨੇਰੇ ਤੇ ਕਾਂ ਕਾਂ ਕਰਦਾ ਤਾਂ ਮਾਂ ਕਹਿੰਦੀ ਕੁੜੇ ਅੱਜ ਕੋਈ ਪਰਾਹੁਣਾ ਆਊ।ਤੇ ਸੱਚੀ ਉਹੀ ਗੱਲ ਹੁੰਦੀ ਕੋਈ ਨਾ ਕੋਈ ਮਾਮਾ ਮਾਸੜ ਫੁਫੜ ਜਾ ਕੋਈ ਹੋਰ ਅੰਗਲੀ ਸੰਗਲੀ ਤੋ ਰਿਸ਼ਤੇਦਾਰ ਆ ਧਮਕਦਾ। ਫਿਰ ਮਾਂ ਚੁੱਲ੍ਹਾ ਠੰਡਾ ਨਾ ਹੋਣ ਦਿੰਦੀ । ਮਾਂ ਨੂੰ ਤਾਂ ਚਾਅ ਹੀ ਚੜ੍ਹ ਜਾਂਦਾ। ਉਹ ਇਹ ਨਾ ਵੇਖਦੀ ਕਿ ਰਿਸ਼ਤੇਦਾਰ ਉਸ ਦੇ ਪੇਕਿਉ ਆਇਆ ਹੈ ਜਾਂ ਸਹੁਰੇ ਪਾਸਿਉ।ਪਤਾ ਨਹੀ ਉਦੋ ਰਿਸ਼ਤੇਦਾਰ ਵੀ ਬਾਹਲੇ ਹੁੰਦੇ ਸਨ ਸਾਇਦ।ਮੇਰੀਆਂ ਭੂਆਂ, ਮੇਰੇ ਪਿਤਾ ਜੀ ਦੀਆਂ ਭੂਆਂ, ਉਹਨਾ ਦੇ ਜੁਆਕ, ਮੇਰੇ ਦਾਦੇ ਦਾ ਸਰੀਕਾ ਤੇ ਮੇਰੇ ਨਾਨਕਿਆਂ ਵਿੱਚੋ।ਹੱਥ ਚਾਹੇ ਤੰਗ ਹੁੰਦਾ ਸੀ ਪਰ ਮੇਰੀ ਮਾਂ ਨੇ ਕਦੇ ਮੱਥੇ ਵੱਟ ਨਹੀ ਸੀ ਪਾਇਆ।ਰਿਸਤੇਦਾਰ ਘੱਟ ਗਏ ਤੇ ਸਾਡੀਆਂ ਨੀਤਾਂ ਵੀ ਉਹ ਨਹੀ ਰਹੀਆਂ। ਹੁਣ ਕਾਂ ਵੀ ਕਿਵੇ ਬੋਲਣ।ਕਹਿੰਦੇ ਕਾਵਾਂ ਦੀ ਪਰਜਾਤੀ ਵੀ ਖਤਮ ਹੋਣ ਕਿਨਾਰੇ ਹੈ ਰਿਸ਼ਤਿਆਂ ਵਾਂਗੂ।

ਵਿਆਹ ਤੋ ਬਾਅਦ ਇੱਥੇ ਵੀ ਇਹੀ ਹਾਲ ਸੀ। ਪਤਾ ਨਹੀ ਕਿਧਰੋ ਕੋਣ ਝੋਲਾ ਚੁੱਕੀ ਆ ਜਾਵੇ। ਤੇ ਮੇਰੀ ਸੱਸ ਨੂੰ ਤਾਂ ਬਾਹਨਾ ਹੀ ਚਾਹੀਦਾ ਸੀ। ਲਟਰਮ ਪਟਰਮ ਬਾਹਲਾ ਕੁਝ ਬਣਾ ਲੈਂਦੀ। ਅਖੇ ਇਹਨੇ ਕਹਿੜਾ ਰੋਜ ਰੋਜ ਆਉਣਾ ਹੈ। ਅਗਲਾ ਭਾਂਵੇ ਦਸੀਂ ਪੰਦਰੀ ਆ ਧਮਕਦਾ ਹੋਵੇ।ਮੇਰੀ ਸੱਸ ਦੀਆਂ ਚਾਰ ਭੈਣਾਂ, ਪੰਜ ਮੇਰੀ ਸੱਸ ਦੇ ਭਰਾ,ਦੋ ਮੇਰੇ ਸਹੁਰੇ ਦੀਆਂ ਭੈਣਾ ਤੇ ਚਾਰ ਮੇਰੇ ਦਾਦਾ ਸਹੁਰੇ ਦੀਆਂ ਭੈਣਾਂ ਤੇ ਹੋਰ ਦੂਰ ਦੇ ਕਿੰਨੇ ਹੀ ਰਿਸ਼ਤੇਦਾਰ ਘਰੇ ਮੇਲਾ ਹੀ ਲੱਗਿਆ ਰਹਿੰਦਾ।ਤੇ ਘਰ ਭਰਿਆ ਭਰਿਆ ਲੱਗਦਾ।ਪਤਾ ਨਹੀ ਉਹਨੀ ਦਿਨੀ ਰਿਸ਼ਤੇਦਾਰਾਂ ਦਾ ਹੋਸਲਾ ਹੁੰਦਾ ਸੀ ਜਾਂ ਉਮਰ ਹੀ ਐਸੀ ਸੀ ਮੈਨੂੰ ਵੀ ਚਾਅ



ਹੀ ਚੜਿਆ ਰਹਿੰਦਾ ਤੇ ਕੰਮ ਵੇਲੇ ਕਦੇ ਮੱਥੇ ਵੱਟ ਨਹੀ ਸੀ ਪਾਈਦਾ।ਜਿੰਨੇ ਰਿਸ਼ਤੇਦਾਰ ਵੱਧ ਆਉਂਦੇ ਉਹਨਾ ਹੀ ਸਰੀਰ ਹਵਾ ਵਿੱਚ ਉੱਡਦਾ ਫਿਰਦਾ।ਸਾਰੇ ਮੇਰੀ ਸਿਫਤ ਸਲਾਹਿਤ ਹੀ ਕਰਦੇ।ਹਰ ਰਿਸ਼ਤੇਦਾਰ ਦੀ ਹੱਸਕੇ ਦਿਲੋਂ ਆਉਭਗਤ ਕਰਦੇ। ਤੇਰ ਮੇਰ ਵਾਲੀ ਕੋਈ ਗੱਲ ਨਹੀ ਸੀ ਹੁੰਦੀ।ਬਸ ਇਹ ਹੁੰਦਾ ਸੀ ਕਿ ਜੇ ਸੇਵਾ ਨਾ ਹੋਈ ਤਾਂ ਅਗਲਾ ਕੀ ਸੋਚੂ? ਅਗਲਾ ਨਾਂ ਜੀ ਨਾਂ ਜੀ ਬੱਸ ਜੀ ਕਰਦਾ ਰਹਿ ਜਾਂਦਾ ਤੇ ਉਸ ਦੀ ਪਲੇਟ ਵਿੱਚ ਰੋਟੀ ਹੋਰ ਧਰ ਦਿੱਤੀ ਜਾਂਦੀ।

ਸਮਾਂ ਤੇ ਹਾਲਾਤ ਬਦਲਦੇ ਗਏ। ਉਮਰ ਦਾ ਤਕਾਜਾ ਕਹਿ ਲਵੋ ਜਾਂ ਜਿੰਦਗੀ ਦਾ ਗੇੜ । ਪਹਿਲੀ ਪੀੜ੍ਹੀ ਨੇ ਰੁਖਸਤ ਕਰਨਾ ਸੁਰੂ ਕਰ ਦਿੱਤਾ। ਪਹਿਲਾਂ ਮੇਰੇ ਸਹੁਰਾ ਸਾਹਿਬ ਚਲੇ ਗਏ ਫਿਰ ਮੇਰੇ ਪਿਤਾ ਜੀ। ਕੁਝ ਕੁ ਸਾਲ ਮਗਰੋ ਮੇਰੀ ਸੱਸ ਵੀ ਦੁਨਿਆਦਾਰੀ ਦਾ ਬੋਝ ਸਾਡੇ ਸਿਰਤੇ ਰੱਖ ਕੇ ਤੁਰਦੀ ਬਣੀ। ਉਧਰ ਪੇਕਿਆਂ ਸੋਹਰਿਆਂ ਦੇ ਹਾਲਾਤ ਬਦਲਦੇ ਗਏ। ਵੱਡਿਆਂ ਦੇ ਜਾਣ ਤੋ ਬਾਅਦ ਬਹੁਤੇ ਰਿਸ਼ਤੇਦਾਰਾਂ ਦੀ ਆਮਦ ਘੱਟ ਗਈ। ਤੇ ਪਿਤਾ ਜੀ ਦੇ ਜਾਣ ਤੋ ਬਾਅਦ ਸਾਡਾ ਬਹੁਤਾ ਜਾਣਾ ਵੀ ਬੇਲੋੜੀ ਦਖਲ ਅੰਦਾਜੀ ਬਣ ਗਿਆ। ਮਾਂ ਦੇ ਬੈਠੇ ਹੋਣ ਕਰਕੇ ਕਦੇ ਮਹੀਨੇ ਵੀਹੀਂ ਗੇੜਾ ਵੱਜਦਾ ਵੱਜਦਾ ਖਤਮ ਹੋ ਗਿਆ। ਮਾਂ ਮੈ ਪੇਕੇ ਨਹੀ ਆਉਣਾ ਪੇਕੇ ਹੁੰਦੇ ਮਾਂਵਾਂ ਨਾਲ ਅਨੁਸਾਰ ਹੀ ਕਹਾਣੀ ਖਤਮ ਹੋ ਗਈ।ਨਣਾਨ ਆਪਣੀ ਕਬੀਲਦਾਰੀ ਚ ਉਲਝ ਗਈ ਤੇ ਹੋਲੀ ਹੋਲੀ ਉਸਨੇ ਵੀ ਆਉਣਾ ਘੱਟ ਕਰ ਦਿੱਤਾ। ਬਹੁਤਾ ਸਮਾਂ ਤਾ ਅਸੀ ਬੱਚਿਆਂ ਦੇ ਆਉਣ ਦੀ ਲਾਲਸਾ ਵਿੱਚ ਗੁਜਾਰਦੇ। ਬੱਚੇ ਆਉਂਦੇ ਇੱਕ ਅੱਧਾ ਦਿਨ ਰਹਿੰਦੇ ਭੋਰਾ ਰੋਣਕ ਮੇਲਾ ਲੱਗਦਾ ਤੇ ਫਿਰ ਉਹ ਤੁਰ ਜਾਂਦੇ। ਸਾਡੀਆਂ ਅੱਖਾਂ ਵਿਚਲਾ ਪਾਣੀ ਅਸੀ ਉਹਨਾ ਦੇ ਇੱਕੇ ਰਹਿਣ ਤੱਕ ਰੋਕੀ ਰੱਖਦੇ ਪਰ ਉਹਨਾ ਦੇ ਜਾਣ ਤੋ ਬਾਅਦ ਉਹ ਪਾਣੀ ਵਹਿ ਹੀ ਜਾਂਦਾ। ਅਸੀ ਇੰਕ ਦੂਜੇ ਨੂੰ ਬਨਾਵਟੀ ਹੋਸਲਾ ਦਿੰਦੇ ਪਰ ਦੋਹੇਂ ਅਸਲੀਅਤ ਨੂੰ ਸਮਝਦੇ ਸੀ। ਕਦੇ ਕਦੇ ਜੁਆਕ ਵੀ ਕਹਿੰਦੇ ਤੁਸੀ ਸਾਡੇ ਕੋਲ ਚੱਲੋ। ਛੱਡੋ ਖਹਿੜਾ ਇੱਥੋ ਦਾ ਪਰ ਅਸੀ ਇੰਨਕਾਰ ਕਰ ਦਿੰਦੇ। ਕਹਿੰਦੇ ਜਦੋ ਰੱਬ ਨੇ ਆਪਣਾ ਰੂਪ ਵਿਖਾਉਣਾ ਹੋਵੇ ਤਾਂ ਉਹ ਜੱਗੋ ਤੇਰਵੀ ਕਰਦਾ ਹੈ। ਅਜੇ ਸਾਇਦ ਸਾਡੀ ਇੱਕਲਤਾ ਦਾ ਇਮਤਿਹਾਨ ਬਾਕੀ ਸੀ। ਨਾਲ ਵੱਸਦੇ ਦੇਵਰ ਨਾਲ ਵੀ ਬਿਨਾਂ ਵਜ੍ਹਾ ਮਨਮੁਟਾਵ ਹੋ ਗਿਆ ਤੇ ਉਸਨੇ ਵੀ ਮੂੰਹ ਵੱਟ ਲਿਆ ਤੇ ਦਾਲ ਦੀ ਕੋਲ੍ਹੀ ਦੀ ਸਾਂਝ ਖਤਮ ਕਰਣ ਤੇ ਉਤਾਰੂ ਹੋ ਗਿਆ। ਬਥੇਰਾ ਜੋਰ ਲਾਇਆ ਕਿ ਇਹ ਨਾ ਹੋਵੇ ਪਰ ਕਰਨੀ ਤੇ ਕਿਸੇ ਦਾ ਜੋਰ ਨਹੀ ਹੁੰਦਾ। ਗਲੀ ਚੋ ਲੰਘਦਿਆਂ ਪੁੱਤਾਂ ਵਰਗੇ ਭਤੀਜੇ ਜਿੰਨਾ ਦਾ ਕਦੇ ਤਾਈ ਜੀ ਤਾਈ ਜੀ ਕਰਦਿਆਂ ਦਾ ਮੂੰਹ ਸੁਕਦਾ ਸੀ ਹੁਣ ਵੇਖਕੇ ਸਮਾਇਲ ਤਾਂ ਦਿੰਦੇ ਬਲਾਉਂਦੇ ਵੀ ਪਰ ਲੱਗਦਾ ਕਿ ਇਹਨਾ ਚ ਜਾਂ ਮੇਰੇ ਚ ਅਪਣੱਤ ਜਿਹੀ ਖਤਮ ਹੋ ਗਈ ਹੈ। ਵੇਖਕੇ ਦਿਲ ਕੁਲੜਦਾ ਪਰ ਬੇਬਸੀ ਸੀ ਸਾਡੇ ਕਰਮਾਂ ਦੀ ਸਜਾ ਤਾਂ ਸਾਨੂੰ ਮਿਲਣੀ ਹੀ ਸੀ।ਅਜੇ ਹੋਰ ਸੰਤਾਪ ਭੋਗਣੇ ਬਾਕੀ ਜੋ ਸਨ।

ਸੁਨਿਹਰੇ ਦਿਨਾਂ ਦੀ ਆਸ ਨੇ ਮਨ ਨੂੰ ਧਰਮ ਕਰਮ ਆਲੇ ਪਾਸੇ ਜੋੜ ਦਿੱਤਾ ਤੇ ਸਵੇਰੇ ਸਾਮੀ ਪੰਛੀਆਂ ਨੂੰ ਚੋਗਾ ਪਾਉਣਾ ਸੁਰੂ ਕਰ ਦਿੱਤਾ।ਗਾਂ ਢੱਠੇ ਤੇ ਕੁੱਤੇ ਨੂੰ ਰੋਟੀ ਪਾਉਣੀ ਸੁਰੂ ਕਰ ਦਿੱਤੀ। ਪਰ ਅੱਜ ਇਹਨਾਂ ਪਸੂਆਂ ਤੇ ਪੰਛੀਆਂ ਵਲੋ ਦਿਖਾਈ ਬੇਰੱਖੀ ਨੇ ਤਾ ਮੇਰਾ ਦਿਲ ਹੀ ਤੋੜ ਦਿੱਤਾ। ਸਰੀਰ ਦੀ ਤੰਦਰੁਸਤੀ ਲਈ ਜਿਵੇ ਸਰੀਰ ਨੂੰ ਚੰਗੀ ਖੁਕਾਰ ਤੇ ਨਿਰੋਗਤਾ ਚਾਹੀਦੀ ਹੈ ਇਸਦੇ ਨਾਲ ਹੀ ਮਨ ਨੂੰ ਜੇ ਰੂਹਾਨੀਅਤ ਦੀ ਖੁਰਾਕ ਦੀ ਜਰੂਰਤ ਹੈ ਤਾਂ ਅੰਦਰੂਨੀ ਖੁਸ਼ੀ ਦੇਣ ਲਈ ਆਪਣਿਆ ਦਾ ਸਾਥ ਵੀ ਚਾਹੀਦਾ ਹੈ।ਮੁੜ ਗਏ ਵਡੇਰੇ ਤਾਂ ਵਾਪਿਸ ਨਹੀ ਆਉਂਦੇ ਪਰ ਚੋਗੇ ਦੇ ਲਾਲਚ ਵਿੱਚ ਪੰਛੀ ਤੇ ਬਾਸੀ ਰੋਟੀਆਂ ਦੇ ਮਾਰੇ ਗਾਂ ਢੱਠੇ ਦੇ ਨਾਲ ਨਾਲ ਕਦੇ ਹੱਸਦੇ ਹਸਾਉਂਦੇ ਹੋਏ ਅੰਗੀ ਸਾਕੀ ਤੇ ਮੇਰੇ ਢਿੱਡ ਦੇ ਜਾਏ ਮੇਰੇ ਸੁੰਨੇ ਵਿਹੜੇ ਵਿੱਚ ਰੋਣਕ ਲਾਉਣਗੇ। ਬੱਚਿਆਂ ਦੀਆਂ ਕਿਲਕਾਰੀਆਂ ਤੇ ਕਰੀਬੀਆਂ ਦਾ ਰਾਮ ਰੋਲਾ ਮੇਰੇ ਘਰ ਵਿੱਚ ਰੰਗੀਨ ਰੋਸ਼ਣੀਆਂ ਛੱਡੇਗਾ। ਇਸੇ ਉਮੀਦ ਨਾਲ ਮੈ ਦਾਣਿਆਂ ਦੀ ਮੁਠੀ ਭਰਕੇ ਵਿਹੜੇ ਵਿੱਚ ਹੋਰ ਸੁੱਟ ਦਿੰਦੀ ਹਾਂ ਤੇ ਆਪਣੇ ਸੁੰਨੇ ਵਿਹੜੇ ਵਿੱਚ ਫਿਰ ਤੋ ਕੁੜੀਆਂ ਤੇ ਚਿੜੀਆਂ ਦੇ ਚਹਿਕਣ ਦੀ ਉਮੀਦ ਕਰਦੀ ਹੋਈ ਸਵੇਰੇ ਹੀ ਦੁਬਾਰਾ ਫਿਰ ਸੌਣ ਦੀ ਅਸਫਲ ਕੋਸਿਸ ਕਰਦੀ ਹਾਂ।



**ਰਮੇਸ਼ ਸੇਠੀ ਬਾਦਲ**
**ਮੋ 98 766 27 233**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com